## 1. ਬੌਧਿਕ ਸੰਪਤੀ ਅਧਿਕਾਰ (Intellectual Property Rights ) ਕੀ ਹਨ?

ਬੌਧਿਕ ਸੰਪਤੀ ਅਧਿਕਾਰ ਪੇਟੈਂਟ, ਕਾਪੀਰਾਈਟ ਵਪਾਰਕ ਚਿੰਨ (ਟਰੇਡ ਮਾਰਕ), ਉਦਯੋਗਿਕ ਡਿਜ਼ਾਈਨ, ਭੂਗੋਲਿਕ ਸੰਕੇਤ, ਸਰਕਟਾਂ ਦੇ ਖਾਕਾ ਡਿਜ਼ਾਈਨ, ਗੁਪਤ ਵਪਾਰਕ ਭੇਦ, ਪੌਦਿਆਂ ਦੀਆਂ ਨਵੀਆਂ ਜਾਤੀਆਂ ਦੀ ਸੁਰੱਖਿਆ ਆਦਿ ਦੇ ਅਧਿਕਾਰਾਂ ਨੂੰ ਦਰਸਾਉਂਦਾ ਹੋਇਆ ਇੱਕ ਆਮ ਵਾਕੰਸ਼ ਹੈ।

## 2. ਭਾਰਤ ਵਿੱਚ ਬੌਧਿਕ ਸੰਪਤੀ ਅਧਿਕਾਰਾਂ ਬਾਰੇ ਕਿਹੜੇ ਕਾਨੂੰਨ ਹਨ?

**ਪੇਟੈਂਟ** : ਪੇਟੈਂਟ ਐਕਟ 1970, ਜਿਸ ਵਿੱਚ ਵਿੱਚ 1999, 2002 ਅਤੇ 2005 ਵਿੱਚ ਸੋਧ ਕੀਤੀ ਗਈ ਹੈ।

**ਉਦਯੋਗਿਕ ਡਿਜ਼ਾਈਨ** : ਡਿਜ਼ਾਈਨ ਐਕਟ, 2000

**ਟਰੇਡਮਾਰਕ** : ਟਰੇਡਮਾਰਕ ਐਕਟ, 1999

**ਕਾਪੀਰਾਈਟ** : 1983, 1984, 1992, 1994 ਅਤੇ 1999 ਵਿੱਚ ਸੋਧਿਆਂ ਕਾਪੀਰਾਈਟ ਐਕਟ, 1957 ਅਤੇ ਕਾਪੀ ਰਾਈਟ ਰੂਲਜ਼ 1958

**ਇੰਟੇਗਰੇਟਡ ਸਰਕਟਾਂ ਦੇ ਖਾਕਾ ਡਿਜ਼ਾਈਨ** : ਸੈਮੀ ਕੰਡਕਟਰ ਇੰਟੈਗਰੇਟਡ ਸਰਕਟਸ ਲੇਆਊਟ ਡਿਜ਼ਾਈਨ ਐਕਟ, 2000

**ਭੂਗੋਲਿਕ ਸੰਕੇਤ** : ਜੀਉਗਰਾਫੀਕਲ ਇੰਡੀਕੇਸ਼ਨਜ਼ ਆਫ ਗੁਡਜ਼ (ਰਜਿਸ਼ਟਰੇਸ਼ਨ ਤੇ ਸੁਰੱਖਿਆ) ਐਕਟ,1999

**ਪੌਦਿਆਂ ਦੀਆਂ ਜਾਤੀਆਂ** : ਪੌਦਿਆਂ ਦੀਆਂ ਨਵੀਆਂ ਜਾਤੀਆਂ ਦੀ ਸੁਰੱਖਿਆ ਅਤੇ ਕਿਸਾਨਾਂ ਦੇ ਅਧਿਕਾਰ ਐਕਟ, 2001

**ਗੁਪਤ ਵਪਾਰਕ ਭੇਦ**: ਇਸ ਬਾਰੇ ਕੋਈ ਵਿਸ਼ੇਸ਼ ਕਾਨੂੰਨ ਨਹੀਂ ਹੈ। ਇਹ ਵਿਸ਼ਾ ਆਮ ਤੌਰ ਤੇ ਕੰਟਰੈਕਟ ਕਾਨੂੰਨ ਦੇ ਅੰਤਰਗਤ ਹੀ ਵਿਚਾਰਿਆ ਜਾਂਦਾ ਹੈ।

## 3. ਬੌਧਿਕ ਸੰਪਤੀ ਅਧਿਕਾਰਾਂ ਦੇ ਪ੍ਰਬੰਧਨ ਲਈ ਦੇਸ਼ ਵਿੱਚ ਕੌਣ ਜਿੰਮੇਵਾਰ ਹੈ?

ਪੇਟੈਂਟ, ਡਿਜ਼ਾਈਨ, ਵਪਾਰਕ ਚਿੰਨ ਅਤੇ ਭੂਗੋਲਿਕ ਸੰਕੇਤ, ਕੰਟਰੋਲਰ ਜਨਰਲ ਆਫ ਪੇਟੈਂਟਸ, ਡਿਜ਼ਾਈਨਜ਼ ਅਤੇ ਟਰੇਡ ਮਾਰਕਸ ਦੇ ਅਧਿਕਾਰ ਵਿੱਚ ਆਉਂਦੇ ਹਨ, ਜਿਹੜਾ ਕਿ ਸਨੱਅਤ ਮੰਤਰਾਲਯ ਦੇ ਸਨੱਅਤੀ ਵਿਕਾਸ ਵਿਭਾਗ ਦੇ ਨਿਯੰਤਰਣ ਵਿੱਚ ਹੁੰਦਾ ਹੈ। ਕਾਪੀਰਾਈਟ, ਮਨੁੱਖੀ ਸੰਸਾਧਨ ਵਿਕਾਸ ਮੰਤਰਾਲਾ ਦੇ ਅਧਿਕਾਰ ਅਧੀਨ ਹਨ। ਇੰਟਰਗਰੇਟਡ ਸਰਕਟਾਂ ਦੇ ਖਾਕਾ ਡਿਜ਼ਾਈਨ ਸਬੰਧੀ ਕਾਨੂੰਨ ਭਾਰਤ ਸਰਕਾਰ ਦੇ ਦੂਰਸੰਚਾਰ ਤੇ ਸੂਚਨਾ ਤਕਨਾਲੋਜੀ ਮੰਤਰਾਲਯ ਦੇ ਪ੍ਰਬੰਧਨ ਹੇਠ ਹੈ। ਪੌਦਿਆਂ ਦੀਆਂ ਕਿਸਮਾਂ ਦੇ ਅਧਿਕਾਰਾਂ ਸੰਬੰਧੀ ਕਾਨੂੰਨ ਦਾ ਪ੍ਰਬੰਧਨ ਖੇਤਬਾੜੀ ਮੰਤਰਾਲਯ, ਭਾਰਤ ਸਰਕਾਰ ਦੇ ਅਧੀਨ ਹੈ।

## 4. ਪੇਟੈਂਟ ਕੀ ਹੁੰਦਾ ਹੈ?

ਕਿਸੇ ਕਾਢ ਦੇ ਮਾਲਕ ਨੂੰ, ਉਸਦੀ ਨਵੀਂ ਕਾਢ ਨੂੰ ਵਰਤਣ, ਬਣਾਉਣ, ਵੇਚਣ ਆਦਿ ਲਈ ਕਿਸੇ ਮੁਲਕ ਵੱਲੋਂ ਸੀਮਿਤ ਸਮੇਂ ਲਈ ਦਿੱਤੇ ਗਏ ਕਾਨੂੰਨੀ ਅਧਿਕਾਰ ਨੂੰ ਪੇਟੈਂਟ ਆਖਦੇ ਹਨ। ਪੇਟੈਂਟ ਜਿਹੜਾ ਕਿ ਇੱਕ ਤਰ੍ਹਾਂ ਦਾ ਸਰਟੀਫਿਕੇਟ ਹੈ, ਕਾਢ ਦੇ ਮਾਲਕ ਨੂੰ ਉਸ ਦੀ ਕਾਢ ਉੱਤੇ ਸੀਮਿਤ ਸਮੇਂ ਲਈ ਕਾਨੂੰਨੀ ਮਾਲਕੀ ਦਾ ਅਧਿਕਾਰ ਦਿੰਦਾ ਹੈ। ਇਸ ਅਨੁਸਾਰ ਕੋਈ ਹੋਰ, ਕਾਢ ਦੇ ਮਾਲਕ ਦੀ ਇਜ਼ਾਜਤ ਤੋਂ ਬਿਨਾਂ, ਉਸ ਕਾਢ ਨੂੰ ਨਾ ਬਣਾ ਸਕਦਾ ਹੈ ਅਤੇ ਨਾ ਹੀ ਉਸ ਨੂੰ ਵਰਤ ਜਾਂ ਵੇਚ ਸਕਦਾ ਹੈ। ਕਿਸੇ ਕਾਢ ਨੂੰ ਸਿਰਫ ਪੇਟੈਂਟ ਕਰਵਾ ਲੈਣ ਦੇ ਨਾਲ ਹੀ ਉਸ ਦੇ ਮਾਲਕ ਨੂੰ ਉਸ ਕਾਢ ਨੂੰ ਵਰਤਣ ਜਾਂ ਉਸ ਤੋਂ ਲਾਭ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਮਿਲ ਜਾਂਦਾ, ਉਸ ਅਧਿਕਾਰ ਨੂੰ ਕਈ ਹੋਰ ਕਾਨੂੰਨਾਂ ਜਾਂ ਨਿਯਮਾਂ ਰਾਹੀ ਵੀ ਪ੍ਰਭਾਵਿਤ ਕੀਤਾ ਜਾ ਸਕਦਾ ਹੈ, ਜਿਵੇਂ ਕਿ ਸਿਹਤ ਅਤੇ ਸੁਰੱਖਿਆ ਨਿਯਮ, ਭੋਜਨ ਤੇ ਡਰੱਗਜ਼ ਨਿਯਮ ਜਾਂ ਅਜਿਹੇ ਹੀ ਕਿਸੇ ਹੋਰ ਨਿਯਮ ਰਾਹੀਂ। ਕਾਨੂੰਨੀ ਪੱਖ ਤੋਂ ਪੇਟੈਂਟ ਇੱਕ ਸੰਪਤੀ ਅਧਿਕਾਰ ਹੈ ਜਿਸਨੂੰ ਵਿਰਾਸਤ ਵਿੱਚ ਦਿੱਤਾ/ਲਿਆ ਜਾ ਸਕਦਾ ਹੈ, ਵੇਚਿਆ ਜਾਂ ਲਾਇਸੰਸ ਦੇ ਦਿੱਤਾ ਜਾਂਦਾ ਹੈ। ਜਾਂ ਤੋਹਫ਼ੇ ਵਜੋਂ ਦਿੱਤਾ ਜਾ ਸਕਦਾ ਹੈ। ਪੇਟੈਂਟ ਅਧਿਕਾਰ ਕਿਸੇ ਦੇਸ ਦੀ ਸਰਕਾਰ ਵਲੋਂ ਦਿੱਤਾ ਜਾਂਦਾ ਹੈ, ਇਸ ਲਈ ਮਨਜ਼ੂਰੀ ਦੇਣ ਤੋਂ ਬਾਅਦ ਵੀ ਕਈ ਵਿਸ਼ੇਸ਼ ਮਾਮਲਿਆਂ ਵਿੱਚੋਂ ਇਸ ਨੂੰ ਸਰਕਾਰ ਵੱਲੋਂ ਰੱਦ ਵੀ ਕੀਤਾ ਜਾ ਸਕਦਾ ਹੈ ਭਾਵੇਂ ਕਿ ਸਮੇਂ ਦੌਰਾਨ ਪੇਟੈਂਟ ਨੂੰ ਵੇਚਿਆ ਜਾਂ ਲਾਇਸੈਂਸ ਤੇ ਕਿਉਂ ਨਾ ਦੇ ਦਿੱਤਾ ਗਿਆ ਹੋਵੇ। ਇੱਕ ਦੇਸ ਵਿੱਚ ਪ੍ਰਾਪਤ ਕੀਤਾ ਪੈਟੈਂਟ ਕਿਸ ਹੋਰ ਦੇਸ਼ ਵਿੱਚ ਉਦੋਂ ਤੱਕ ਲਾਗੂ ਨਹੀਂ ਕੀਤਾ ਜਾ ਸਕਦਾ, ਜਿੰਨੀ ਦੇਰ ਤੱਕ ਉਸ ਮੁਲਕ ਵੱਜੋਂ ਇਸ ਪੇਟੈਂਟ ਨੂੰ ਮਨਜ਼ੂਰੀ ਨਹੀਂ ਮਿਲ ਜਾਂਦੀ। ਕਿਉਂਕਿ ਪੇਟੈਂਟ ਅਧਿਕਾਰ ਪ੍ਰਕਿਰਤੀ ਪੱਖੋਂ ਖੇਤਰੀ ਅਧਿਕਾਰ ਹੁੰਦੇ ਹਨ ਅਤੇ ਇਸ ਲਈ ਕਾਢਕਾਰਾਂ ਨੂੰ ਦੂਜੇ ਦੇਸਾਂ ਵਿੱਚ ਪੇਟੈਂਟ ਲੈਣ ਲਈ ਵੱਖਰੀ-ਵੱਖਰੀ ਦਰਖਾਸ਼ਤ ਦੇਣੀ ਜ਼ਰੂਰੀ ਹੁੰਦੀ ਹੈ।

## 5. ਪੇਟੈਂਟ ਧਾਰਕ ਕੋਲੋਂ ਉਸ ਦੀ ਸਰਕਾਰ ਪ੍ਰਤੀ ਜਿੰਮੇਵਾਰੀ ਪੱਖੋਂ ਕੀ ਉਮੀਦ ਕੀਤੀ ਜਾਂਦੀ ਹੈ?

ਪੇਟੈਂਟ ਧਾਰਕ ਆਪਣੀ ਕਾਢ ਦਾ ਪੂਰਾ ਵੇਰਵਾ ਪੇਟੈਂਟ ਦਸਤਾਵੇਜ਼ ਵਿੱਚ ਦਰਜ਼ ਕਰਵਾਏ ਤਾਂ ਕਿ ਪੇਟੈਂਟ ਦੀ ਮਿਆਦ ਖ਼ਤਮ ਹੋ ਜਾਣ ਬਾਅਦ ਜਾਂ ਨਵਿਆਉਣ ਫੀਸ ਨਾ ਦੇਣ ਕਰ ਕੇ ਇਸ ਦੇ ਖਾਰਜ ਹੋਣ ਤੋਂ ਬਾਅਦ ਇਸ ਨੂੰ ਕੋਈ ਦੂਸਰਾ ਵਰਤ ਸਕੇ ਜਾਂ ਫਿਰ ਮਿਆਦ ਖ਼ਤਮ ਹੋ ਤੋਂ ਪਹਿਲਾ ਪੇਟੈਂਟ ਧਾਰਕ ਦੀ ਇਜ਼ਾਜਤ ਜਾਂ ਮਨਜ਼ੂਰੀ ਨਾਲ ਕੋਈ ਦੂਸਰਾ ਇਸ ਨੂੰ ਵਰਤ ਸਕੇ। ਕਾਢ ਦਾ ਪੂਰਾ-ਪੂਰਾ ਵੇਰਵਾ ਪੇਟੈਂਟ ਦਸਤਾਵੇਜ਼ ਵਿੱਚ ਦੇਣਾ ਇੱਕ ਕਾਨੂੰਨੀ ਜ਼ਰੂਰਤ ਹੈ।

## 6. ਭਾਰਤੀ ਪੇਟੈਂਟ ਐਕਟ ਦੇ ਅੰਤਰਗਤ ਪੇਟੈਂਟ ਹੋਣ ਯੋਗ ਕਾਢ ਦੀ ਕੀ ਪਰਿਭਾਸ਼ਾ ਹੈ?

ਭਾਰਤੀ ਪੇਟੈਂਟ ਐਕਟ ਦੇ ਅਨੁਸਾਰ ਕਾਢ ਦਾ ਅਰਥ ਹੈ, ਕੋਈ ਵੀ ਨਵਾਂ ਉਤਪਾਦ, ਵਿਧੀ, ਢੰਗ ਜਾਂ ਉਤਪਾਦਾਨ ਦਾ ਤਰੀਕਾ, ਜਿਸ ਵਿੱਚ ਕੋਈ ਆਵਸ਼ਕਾਰੀ ਕਦਮ ਹੋਵੇ ਅਤੇ ਉਹ ਉਦਯੋਗਿਕ ਉਤਪਾਦਨ ਦੇ ਕਾਬਲ ਹੋਵੇ। ਉਦਯੋਗਕਿ, ਉਤਪਾਦਨ ਦੇ ਕਾਬਲ ਤੋਂ ਭਾਵ ਹੈ ਕਿ ਉਸ ਨੂੰ ਉਦਯੋਗਿਕ ਪੱਧਰ ਦੇ ਬਣਾਇਆ ਜਾਂ ਵਰਤਿਆਂ ਜਾ ਸਕਦਾ ਹੋਵੇ।

## 7. ਭਾਰਤੀ ਪੇਟੈਂਟ ਐਕਟ ਅਨੁਸਾਰ ਪੇਟੈਂਟ ਹੋਣ ਯੋਗ ਕਾਢ ਦੇ ਅੰਤਰਗਤ ਨਵੇਂ ਉਤਪਾਦ ਜਾਂ ਤਰੀਕੇ ਤੋਂ ਕੀ ਭਾਵ ਹੈ?

ਕੋਈ ਵੀ ਕਾਢ ਤਦ ਨਵੀਨ ਜਾਂ ਨਿਰਾਲੀ ਮੰਨੀ ਜਾਵੇਗੀ ਜੇ ਸੰਸਾਰ ਵਿੱਚ ਕਿਧਰੇ ਵੀ ਉਸ ਬਾਰੇ ਕਿਸੇ ਪ੍ਰਕਾਸ਼ਨ ਰਾਹੀਂ ਜਾਂ ਪੂਰਵ ਵਰਤੋਂ ਰਾਹੀ ਕਿਸੇ ਨੂੰ ਕੋਈ ਜਾਣਕਾਰੀ ਨਾ ਹੋਵੇ। ਉਹ ਨਵੀਨ ਕਾਢ ਮੌਜੂਦਾ ਕਲਾਂ ਦਾ ਰੂਪ ਵੀ ਨਹੀਂ ਹੋਣੀ ਚਾਹੀਦੀ। ਮੈਗਜ਼ੀਨਾਂ, ਤਕਨੀਕੀ ਰਸਾਲਿਆਂ, ਕਿਤਾਬਾਂ, ਅਖ਼ਬਾਰਾਂ ਜਾਂ ਪ੍ਰਕਾਸਿਤ ਪੇਟੈਂਟ ਦਸਤਾਵੇਜ਼ਾਂ ਆਦਿ ਵਿੱਚ ਪ੍ਰਕਾਸ਼ਿਤ ਸੂਚਨਾ ਮੌਜੂਦ ਕਲਾ ਦਾ ਰੂਪ ਹੀ ਅਖਵਾਉਂਦੀ ਹੈ। ਸੈਮੀਨਾਰ ਜਾਂ ਕਾਨਫਰੰਸ ਆਦਿ ਵਿੱਚ ਦਿੱਤੀ ਗਈ ਮੌਖਿਕ ਜਾਣਕਾਰੀ ਕਾਢ ਦੀ ਨਵੀਨਤਾ ਨੂੰ ਨਸ਼ਟ ਕਰ ਸਕਦੀ ਹੈ। ਨਵੀਨਤਾ ਹਮੇਸਾਂ ਵਿਸ਼ਵ ਪੱਧਰ ਤੇ ਨਿਰਧਾਰਤ ਕੀਤੀ ਜਾਂਦੀ ਹੈ। ਕਿਸੇ ਕਾਢ ਦਾ ਪੇਟੈਂਟ ਲੈਣ ਲਈ ਦਰਖਾਸਤ ਦੇਣ ਤੋਂ ਪਹਿਲਾਂ ਉਸ ਕਾਢ ਦਾ ਕਿਸੇ ਪ੍ਰਕਾਸ਼ਨ ਜਾਂ ਹੋਰ ਰੂਪ ਵਿੱਚ ਕੀਤਾ ਗਿਆ ਖੁਲਾਸਾ ਜਾਂ ਉਸ ਦੀ ਪੂਰਵ ਵਰਤੋਂ, ਉਸਦੀ ਨਵੀਨਤਾ ਨੂੰ ਖਤਮ ਕਰ ਸਕਦੀ ਹੈ। ਨਵੀਨਤਾ ਦਾ ਨਿਰਣਾ ਵਿਸਤ੍ਰਿਤ ਸਾਹਿਤ ਤੇ ਪੁਰਾਤਨ ਪੇਟੈਂਟ ਦੀ ਖੋਜ ਰਾਹੀ ਕੀਤਾ ਜਾਂਦਾ ਹੈ। ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਟੈਂਟ ਖੋਜ ਕਿਸੇ ਕਾਢ ਦੀ ਨਵੀਨਤਾ ਸਾਬਤ ਕਰਨ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਪੇਟੈਂਟ ਦਸਤਾਵੇਜ਼ਾਂ ਵਿੱਚ ਪ੍ਰਕਾਸ਼ਿਤ ਤਕਨੀਕੀ ਸਾਹਿਤ ਆਮ ਤੋਰ ਤੇ ਹੋਰ ਕਿਧਰੇ ਵੀ ਪ੍ਰਕਾਸਿਤ ਨਹੀਂ ਹੁੰਦਾ ਜਾ ਇਹ ਬਹੁਤ ਲੰਬੇ ਅਰਸੇ ਬਾਅਦ ਕਿਧਰੇ ਹੋਰ ਪ੍ਰਕਾਸ਼ਿਤ ਹੁੰਦਾ ਹੈ।

## 8. ਆਵਿਸ਼ਕਾਰਤਾ(Inventiveness) ਦੀ ਭਾਰਤੀ ਪੇਟੈਂਟ ਐਕਟ ਅਨੁਸਾਰ ਕੀ ਪਰਿਭਾਸ਼ਾ ਹੈ? ਅਤੇ ਇਸ ਸ਼ਬਦ ਦਾ ਭਾਵ ਸ਼ਪਸਟ ਕਰੋ?

ਕਿਸੇ ਕਾਢ ਵਿੱਚ ਆਵਿਸ਼ਕਾਰਤਾ ਦੇ ਅੰਸ਼ ਤੋਂ ਭਾਵ ਉਸ ਵਿੱਚ ਕੋਈ ਅਜਿਹੀ ਵਿਸ਼ੇਸ਼ਤਾ ਹੋਵੇ ਜਿਹੜੀ ਕਿ ਉਸ ਨੂੰ ਉਸ ਖੇਤਰ ਬਾਰੇ ਪਹਿਲਾਂ ਹੀ ਮੌਜੂਦ ਜਾਣਕਾਰੀ ਨਾਲੋਂ ਤਕਨੀਕੀ ਤੌਰ ਤੇ ਵਿਕਸਿਤ ਹੋਵੇ ਜਾਂ ਉਸ ਦਾ ਕੋਈ ਆਰਥਿਕ ਮਹੱਤਵ ਹੋਵੇ ਜਾਂ ਦੋਵੇ ਹੋਣ ਅਤੇ ਉਹ ਸੰਬੰਧਿਤ ਕਲਾ ਦੇ ਖੇਤਰ ਦੇ ਵਿਅਕਤੀ ਲਈ ਪ੍ਰਤੱਖ ਜਾਂ ਸਪੱਸ਼ਟ ਨਾ ਹੋਵੇ।

ਕਲਾ ਦੇ ਖੇਤਰ ਦੇ ਵਿਅਕਤੀ ਤੋਂ ਭਾਵ ਉਸ ਵਿਅਕਤੀ ਤੋਂ ਹੈ ਜੋ ਸੰਬੰਧਿਤ ਕਾਢ ਦੇ ਖੇਤਰ ਬਾਰੇ ਜਾਣਕਾਰੀ ਤੇ ਨਿਪੁੰਨਤਾ ਰੱਖਦਾ ਹੋਵੇ। ਇਸ ਨੂੰ ਵਿਦਿਅਕ ਯੋਗਤਾ ਜਾਂ ਤਜਰਬੇ ਅਨੁਸਾਰ ਪਰਿਭਾਸਿਤ ਨਹੀਂ ਕੀਤਾ ਗਿਆ ਹੈ। ਆਵਿਸ਼ਕਾਰਤਾਂ ਜਾਂ ਅਪ੍ਰੱਤਖਤਾ ਨਵੀਨਤਾ ਨਾਲੋਂ ਵਿਲੱਖਣ ਹੈ ਅਤੇ ਇਸ ਅਨੁਸਾਰ ਕਾਢ ਵਿੱਚ ਕੋਈ ਤਕਨੀਕੀ ਵਿਕਾਸ ਹੋਣਾ ਜ਼ਰੂਰੀ ਹੈ। ਉਦਾਹਰਣ ਵਜੋਂ ਕਿਸੇ ਅਲਮਾਰੀ ਨੂੰ ਲੱਕੜ ਦੇ ਮੁੱਠੇ ਦੀ ਥਾਂ ਤੇ ਸਟੀਲ ਦੇ ਮੁੱਠੇ ਲਗਾ ਦੇਣ ਨਾਲ ਇਹ ਆਵਿਸ਼ਕਾਰਤ ਨਹੀਂ ਬਣ ਜਾਂਦੀ। ਕਿਸੇ ਕਾਢ ਦੀ ਆਵਿਸ਼ਕਾਰਤ ਨੂੰ ਸਿੱਧ ਕਰਨ ਲਈ ਉਸਦਾ ਸਹੀ ਤਰਜਮਾਨ ਬਹੁਤ ਸਹਾਈ ਹੁੰਦਾ ਹੈ। ਪ੍ਰਕਾਸ਼ਿਤ ਪੇਟੈਂਟ ਦਸਾਤਵੇਜਾਂ ਦੇ ਆਧਾਰ ਤੇ ਆਵਿਸ਼ਕਤਾ ਦਾ ਫ਼ੈਸਲਾ, ਨਹੀਂ ਕੀਤਾ ਜਾ ਸਕਦਾ। ਇਸ ਦਾ ਮਤਲਬ ਇਹ ਹੈ ਕਿ ਅਵਿਸ਼ਕਾਰਤਾ ਦਾ ਫੈਸਲਾ ਕਿਸੇ ਕਾਢ ਲਈ ਦਰਖਾਸਤ ਦੇਣ ਦੇ ਸਮੇਂ ਤੱਕ ਦੀ ਪ੍ਰਕਾਸ਼ਿਤ ਜਾਣਕਾਰੀ ਦੇ ਆਧਾਰ ਕੀਤਾ ਜਾਂਦਾ ਹੈ। ਆਵਿਸ਼ਕਾਰਤਾ ਦੇ ਅੰਸ਼ ਦੀ ਗੁੰਝਲਤਾ ਜਾਂ ਸਧਾਰਣਤਾ, ਕਿਸੇ ਪੇਟੈਂਟ ਨੂੰ ਮਨਜੂਰ ਕਰਨ ਤੇ ਕੋਈ ਪ੍ਰਭਾਵ ਨਹੀਂ ਪਾਉਂਦੀ। ਦੂਸਰੇ ਸ਼ਬਦਾ ਵਿੱਚ ਇੱਕ ਬਹੁਤ ਹੀ ਆਸਾਨ ਤੇ ਸਧਾਰਨ ਕਾਢ ਲਈ ਵੀ ਪੇਟੈਂਟ ਮਨੂਜੂਰ ਹੋ ਸਕਦਾ ਹੈ। ਕਿਸੇ ਕਾਢ ਦਾ ਸਿਰਫ ਇੱਕ 'ਕਿਣਕਾਂ' ਵੀ ਉਸ ਲਈ ਯੋਗ ਪੇਟੈਂਟ ਮਨਜ਼ੂਰ ਕਰਵਾਉਣ ਲਈ ਕਾਫੀ ਹੁੰਦਾ ਹੈ।

## 9. ਕਿਹੜੀਆਂ-ਕਿਹੜੀਆਂ ਕਿਸਮਾਂ ਦੀਆਂ ਕਾਢਾਂ ਭਾਰਤ ਵਿੱਚ ਪੇਟੈਂਟ ਹੋਣ ਯੋਗ ਨਹੀਂ ਹਨ?

ਕੋਈ ਕਾਢ ਭਾਵੇਂ ਉਹ ਪੇਟੈਂਟ ਮਨਜ਼ੂਰ ਕਰਵਾਉਣ ਲਈ ਜ਼ਰੂਰੀ ਮਾਪਦੰਡ ਜਿਵੇਂ ਨਵੀਨਤਾ, ਅਪ੍ਰਤੱਖਤਾ (ਆਵਿਸ਼ਕਾਰਤਾ) ਅਤੇ ਲਾਭਾਦਾਇਕਤਾ, ਨੂੰ ਪੂਰਾ ਕਰਦੀ ਹੋਵੇ, ਪਰ ਹੇਠ ਲਿਖੀਆਂ ਹਾਲਤਾਂ ਵਿੱਚੋਂ ਉਸ ਲਈ ਪੇਟੈਂਟ ਮਨਜ਼ੂਰ ਨਹੀਂ ਕੀਤਾ ਜਾਂਦਾ:-

1. ਉਹ ਕਾਢ ਜਿਹੜੀ ਹੋਛੀ ਹੋਵੇ ਜਾਂ ਸਪੱਸ਼ਟ ਤੋਰ ਤੇ ਸਥਾਪਿਤ ਪ੍ਰਕਰਤਿਕ ਨਿਯਮਾਂ ਦੇ ਉਲਟ ਕੋਈ ਦਾਅਵਾ ਕਰਦੀ ਹੋਵੇ।

2. ਉਹ ਕਾਢ ਜਿਸ ਦੀ ਵਰਤੋਂ ਕਰਨ ਦਾ ਇਰਾਦਾ ਕਾਨੂੰਨ ਜਾਂ ਨੈਤਕਿਤਾ ਦੇ ਵਿਰੁੱਧ ਹੋਵੇ ਜਾਂ ਮਨੁੱਖੀ, ਪਸ਼ੂ ਜਾਂ ਪੌਦੇ ਜੀਵਨ ਜਾਂ ਸਿਹਤ ਜਾਂ ਵਾਤਾਵਰਣ ਲਈ ਖ਼ਤਰਨਾਕ ਹੋਵੇ।

3. ਕਿਸੇ ਵਿਗਿਆਨਿਕ ਸਿਧਾਂਤ ਜਾਂ ਅਮੂਰਤ ਦੇ ਮੂਰਤੀਕਰਣ ਦੀ ਨਿਰੋਲ ਖੋਜ ਜਾਂ ਕਿਸੇ ਸੰਜੀਵ ਜਾਂ ਨਿਰਜੀਵ ਪਦਾਰਥ ਦੀ ਖੋਜ, ਜਿਹੜਾ ਕਿ ਪ੍ਰਕ੍ਰਿਤੀ ਵਿੱਚ ਮੌਜੂਦ ਹੈ।

4. ਕਿਸੇ ਗਿਆਤ ਪਦਾਰਥ ਦੇ ਨਵੇਂ ਰੂਪ ਦੀ ਨਿਰੋਲ ਖੋਜ, ਜਿਸ ਨਾਲ ਉਸ ਦੀ ਪਹਿਲਾਂ ਹੀ ਗਿਆਤ ਨਿਪੁੰਨਤਾ ਵਿੱਚ ਕੋਈ ਵਾਧਾ ਨਾ ਹੋਵੇ। ਜਾਂ ਕਿਸੇ ਗਿਆਤ ਪਦਾਰਥ ਦੇ ਕਿਸੇ ਨਵੇਂ ਗੁਣ ਜਾਂ ਉਸ ਦੀ ਵਰਤੋਂ ਜਾਂ ਕਿਸੇ ਗਿਆਤ ਵਿਧੀ ਮਸ਼ੀਨ ਜਾਂ ਯੰਤਰ ਦੀ ਨਿਰੋਲ ਵਰਤੋਂ, ਜਦੋਂ ਤੱਕ ਉਸ ਵਿਧੀ ਨਾਲ ਕੋਈ ਨਵਾਂ ਉਤਪਾਦ ਪੈਦਾ ਨਹੀਂ ਹੁੰਦਾ ਜਾਂ ਉਸ ਵਿੱਚ ਕੋਈ ਨਵਾਂ ਪ੍ਰਤੀਕਾਰਕ ਨਹੀਂ ਵਰਤਿਆ ਜਾਂਦਾ।

   ਵਿਆਖਿਆ: ਇਸ ਕਾਲਮ ਵਾਸਤੇ, ਲੂਣ (Salts), ਐਸਟਰ (esters), ਈਥਰ (Ethers), ਪੌਲੀਮਾਰਫਸ (Polymorphs), ਮੈਟਾਬੋਲਾਈਟਸ (Metabolites), ਸ਼ੁੱਧ ਰੂਪ, ਕਣ ਦਾ ਆਕਾਰ, ਆਈਸਮਰਾਂ ਦਾ ਮਿਸ਼ਰਣ, ਕੰਮਪਲੇਕਸ (complexes) ਗਿਆਤ ਪਦਾਰਥਾਂ ਦੇ ਵੱਖ-ਵੱਖ ਸੁਮੇਲ ਅਤੇ ਹੋਰ ਯੋਗਿਕ ਨੂੰ ਉਦੋਂ ਤੱਕ ਸਮਾਨ ਗਿਆਤ ਪਦਾਰਥ ਹੀ ਵਿਚਾਰਿਆ ਜਾਵੇਗਾ, ਜਦੋਂ ਤੱਕ ਹੋ ਉਹ ਨਿਪੁੰਨਤਾ ਪੱਖੋਂ ਪ੍ਰਭਾਵਸ਼ਾਲੀ ਗੁਣਾਂ ਵਿੱਚ ਵੱਖਰਾ ਨਾ ਹੋਵੇ।

5. ਬਹੁਤ ਸਾਰੇ ਪਦਾਰਥਾਂ ਨੂੰ ਮਿਲਾ ਕੇ ਬਣਵਾਇਆ ਗਿਆ ਪਦਾਰਥ ਜਿਸ ਦੇ ਗੁਣ ਉਸ ਵਿੱਚ ਸ਼ਾਮਲ ਸਾਰੇ ਤੱਤਾਂ ਦੇ ਗੁਣਾਂ ਤੇ ਲੱਛਣਾਂ ਦਾ ਸੁਮੇਲ ਹੋਣ ਜਾਂ ਅਜਿਹਾ ਪਦਾਰਥ ਪੈਦਾ ਕਰਨ ਦੀ ਵਿਧੀ।

6. ਗਿਆਤ ਉਪਰਕਣਾਂ ਨੂੰ ਕ੍ਰਮਬੱਧ ਕਰਨਾ ਜਾਂ ਦੁਬਾਰਾ ਤਰਤੀਬ ਦੇਣੀ ਜਾਂ ਉਸ ਦੀ ਨਕਲ ਕਰਨੀ ਭਾਵ ਗੁਣਾਂ ਦਾ ਦੁਹਰਾਓ ਕਰਨਾ ਜਾਂ ਤਰਤੀਬ ਦੇਣੀ ਜਿਹਨਾਂ ਬਾਰੇ ਉਹਨਾਂ ਦੇ ਵੱਖੋ ਵੱਖਰੇ ਕਾਰਜ ਬਾਰੇ ਸੁਤੰਤਰ ਰੂਪ ਵਿੱਚ ਪਹਿਲਾਂ ਹੀ ਜਾਣਕਾਰੀ ਹੋਵੇ।

7. ਖੇਤੀਬਾੜੀ ਜਾਂ ਬਾਗ਼ਬਾਨੀ ਦੀ ਕੋਈ ਵਿਧੀ।

8. ਮਨੁੱਖਾਂ ਦੇ ਇਲਾਜ ਲਈ ਵਰਤਿਆ ਗਿਆ ਡਾਕਟਰੀ, ਸਰਜੀਕਲ, ਰੋਗਨਾਸ਼ਕ, ਰੋਗਨਿਰੋਧਕ ਜਾਂ ਕੋਈ ਹੋਰ ਵਿਧੀ ਜਾਂ ਜਾਨਵਰਾਂ ਜਾਂ ਪੌਦਿਆਂ ਦੇ ਅਜਿਹੇ ਇਲਾਜ਼ ਲਈ ਵਰਤੀ ਗਈ ਕੋਈ ਵਿਧੀ।

9. ਸੂਖਮਜੀਵਾਂ ਤੋਂ ਬਿਨ੍ਹਾਂ ਪੌਦੇ ਜਾਂ ਜੀਵ, ਜਾਂ ਉਹਨਾਂ ਦਾ ਕੋਈ ਭਾਗ ਜਿਸ ਦੇ ਅੰਤਰਗਤ ਬੀਜ, ਪ੍ਰਜਾਤੀਆਂ ਜਾਂ ਉਪਜਾਤੀਆਂ ਜਾਂ ਅਜਿਹੀਆਂ ਜ਼ਰੂਰੀ ਜੈਵਿਕ ਪ੍ਰਕਿਰਿਆਵਾਂ ਜਾਂ ਵਿਧੀਆਂ ਜਿਹੜੀਆਂ ਪੌਦਿਆਂ ਜਾਂ ਪਸ਼ੂਆਂ ਦੇ ਉਤਪਾਦਨ ਲਈ ਵਰਤੀਆਂ ਜਾਂਦੀਆਂ ਹਨ।

10. ਕੋਈ ਅੰਕ ਗਣਿਤ ਵਿਧੀ ਜਾਂ ਵਪਾਰਕ ਵਿਧੀ ਜਾਂ ਕੰਪਿਊਟਰ ਪ੍ਰੋਗਰਾਮ ਜਾਂ ਐਲਗੋਰਿਥਮ ।

11. ਸਾਹਿਤਕ, ਨਾਟਕ, ਸੰਗੀਤਕ ਜਾਂ ਕਲਾਤਮਿਕ ਕੰਮ ਜਾਂ ਕੋਈ ਹੋਰ ਸੋਹਜਾਤਮਿਕ ਕੰਮ ਜਿਵੇਂ ਕਿ ਸਿਨੇਮੈਟਾਗਰਾਫਿਕ ਫ਼ਿਲਮਾਂ ਅਤੇ ਟੈਲੀਵਿਜ਼ਨ ਪ੍ਰੋਗਰਾਮ ।

12. ਸਿਰਫ ਨੀਤੀ ਜਾਂ ਨਿਯਮ ਜਾਂ ਕਿਸੇ ਬੁੱਧੀ ਵਾਲੇ ਕੰਮ ਦਾ ਤਰੀਕਾ ਜਾਂ ਕੋਈ ਖੇਡ ਖੇਡਣ ਦਾ ਤਰੀਕਾ।

13. ਕਿਸੇ ਸੂਚਨਾ ਨੂੰ ਪ੍ਰਸਤੁਤ ਕਰਨ ਦਾ ਤਰੀਕਾ

14. ਇੰਟਗਰੇਟਡ ਸਰਕਟਾਂ ਦੇ ਖਾਕਾ ਡੀਜਾਇਸ।

15. ਅਜਿਹੀ ਕਾਢ ਜਿਹੜੀ ਕਿ ਰਵਾਇਤੀ ਜਾਣਕਾਰੀ ਹੋਵੇ ਜਾਂ ਰਵਾਇਤੀ ਜਾਣਕਾਰੀ ਵਾਲੀਆਂ ਵਿਧੀਆਂ ਦੇ ਗੁਣਾਂ ਦਾ ਸੁਮੇਲ ਜਾਂ ਦੁਹਰਾਓ ਹੋਵੇ।

16. ਪ੍ਰਮਾਣੂ ਊਰਜਾ ਨਾਲ ਸਬੰਧਿਤ ਕਾਢਾ।

## 10. ਪੇਟੈਂਟ ਲੈਣ ਲਈ ਦਰਖਾਸਤ ਕਦੋਂ ਦੇਣੀ ਚਾਹੀਦੀ ਹੈ ?

ਪੇਟੈਂਟ ਲੈਣ ਲਈ ਦਰਖਾਸਤ ਦੇਰੀ ਕੀਤੇ ਬਿਨਾ ਜਿੰਨਾਂ ਜਲਦੀ ਹੋ ਸਕੇ, ਦੇ ਦੇਣੀ ਚਾਹੀਦੀ ਹੈ। ਆਰਜ਼ੀ ਵੇਰਵੇ (ਪ੍ਰੋਵਿਜ਼ਨਲ ਸਪੇਸੀਫਿਕੇਸ਼ਨ) ਦੇ ਨਾਲ ਕਾਢ ਦੀ ਪ੍ਰਕਿਰਤੀ ਦੇ ਸਾਰ ਤੱਤ ਦਾ ਪ੍ਰਗਟਾਵਾ ਕਰਦਿਆਂ ਦਿੱਤੀ ਗਈ ਦਰਖਾਸਤ ਦਰਖਾਸ਼ਤਕਰਤਾ ਨੂੰ ਕਾਢ ਕੱਢਣ ਵਿੱਚ ਕੀਤੀ ਗਈ ਪਹਿਲ ਦਰਸਾਉਣ ਵਿੱਚ ਮੱਦਦ ਕਰਦੀ ਹੈ। ਦਰਖਾਸਤ ਦੇਣ ਵਿੱਚ ਕੀਤੀ ਦੇਰੀ ਤੋਂ ਕਈ ਜੋਖ਼ਮ ਪੈਦਾ ਹੋ ਸਕਦੇ ਹਨ ਜਿਵੇਂ ਕਿ (1) ਇਸ ਕਾਢ ਲਈ ਕੋਈ ਹੋਰ ਪਹਿਲਾਂ ਦਰਖਾਸਤ ਦੇ ਸਕਦਾ ਹੈ, (2) ਇਸ ਕਾਢ ਬਾਰੇ ਖੁਦ ਕਾਢ-ਕਰਤਾ ਵੱਲੋਂ ਜਾਂ ਕਿਸੇ ਹੋਰ ਵੱਲੋਂ ਅਣਜਾਣੇ ਵਿੱਚ ਹੀ ਕੁੱਝ ਪ੍ਰਕਾਸ਼ਿਤ ਕਰਵਾਇਆ ਜਾ ਸਕਦਾ ਹੈ, ਜਿਹੜਾ ਕਿ ਕਾਢ ਦੀ ਨਵੀਨਤਾ ਨੂੰ ਖ਼ਤਮ ਕਰ ਸਕਦਾ ਹੈ।

## 11. ਕੀ ਕੋਈ ਪ੍ਰਕਾਸ਼ਿਤ ਜਾਂ ਪ੍ਰਗਟ ਕੀਤੀ ਹੋਈ ਕਾਢ ਪੇਟੈਂਟ ਕਰਵਾਈ ਜਾ ਸਕਦੀ ਹੈ?

ਨਹੀਂ। ਕਾਢ ਕਰਤਾ ਵੱਲੋਂ ਪੇਟੈਂਟ ਲੈਣ ਲਈ ਦਰਖਾਸਤ ਦੇਣ ਤੋਂ ਪਹਿਲਾਂ ਕਿਸੇ ਵੀ ਰੂਪ ਵਿੱਚ ਕਿਧਰੇ ਵੀ ਕੀਤਾ ਗਿਆ ਕਾਢ ਦਾ ਪ੍ਰਗਟਾਵਾ ਜਾਂ ਪ੍ਰਕਾਸ਼ਨ, ਉਸ ਨੂੰ ਪੇਟੈਂਟ ਲੈਣ ਤੋਂ ਆਯੋਗ ਬਣਾ ਸਕਦਾ ਹੈ। ਪਰ ਕਿਸੇ ਪ੍ਰਕਾਸ਼ਨ ਜਾਂ ਪ੍ਰਦਰਸਨ ਰਾਹੀ ਕਾਢ ਦਾ ਪ੍ਰਗਟਾਵਾ ਕਰਨ ਤੋਂ ਬਾਅਦ, ਉਸ ਲਈ ਪੇਟੈਂਟ ਲੈਣ ਵਾਸਤੇ ਦਰਖਾਸਤ ਦੇਣ ਲਈ ਭਾਰਤ ਵਿੱਚ 12 ਮਹੀਨੇ ਦਾ ਰਿਆਇਤੀ ਸਮਾ ਉਪਲਬਧ ਹੈ। ਪੇਟੈਂਟ ਲਈ ਦਰਖਾਸਤ ਇਹ ਰਿਆਇਤੀ ਸਮਾਂ ਖ਼ਤਮ ਹੋਣ ਤੋਂ ਪਹਿਲਾਂ ਜ਼ਰੂਰ ਦੇ ਦੇਣੀ ਚਾਹੀਦੀ ਹੈ। ਪਰ ਵਿਹਾਰਿਕ ਤੌਰ ਤੇ ਕਾਢਕਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਹ ਰਿਆਇਤੀ ਸਮਾਂ ਕਿਸੇ ਖਾਸ ਸਥਿਤੀਆਂ ਵਿੱਚ ਹੀ ਵਰਤਣ ਅਤੇ ਆਮ ਹਾਲਤ ਵਿੱਚ ਪੇਟੈਂਟ ਲਈ ਦਰਖਾਸਤ ਦੇਣ ਤੋਂ ਪਹਿਲਾਂ ਉਸ ਦਾ ਪ੍ਰਗਟਾਵਾ ਨਹੀਂ ਕਰਨਾ ਚਾਹੀਦਾ। ਕਾਢ ਦਾ ਪ੍ਰਕਾਸ਼ਨ ਲਈ, ਉਸ ਵਾਸਤੇ ਪੇਟੈਂਟ ਲਈ ਦਰਖਾਸ਼ਤ ਦੇਣ ਤੋਂ ਬਾਅਦ, ਵਿਚਾਰਿਆ ਜਾ ਸਕਦਾ ਹੈ।

## 12. ਪੇਟੈਂਟ ਦੀ ਮਿਤੀ ਕਦੋਂ ਤੋਂ ਮਿਥੀ ਜਾਂਦੀ ਹੈ?

ਪੇਟੈਂਟ ਲਈ ਦਿੱਤੀ ਗਈ ਦਰਖਾਸਤ ਮਿਤੀ (ਪ੍ਰੋਵਿਸਨਲ ਜਾਂ ਮੁਕੰਮਲ ਵੇਰਵੇ ਨਾਲ) ਨੂੰ ਪੇਟੈਂਟ ਦੀ ਮਿਤੀ ਮੰਨਿਆ ਜਾਂਦਾ ਹੈ। ਪੇਟੈਂਟ ਦੀ ਮਿਆਦ ਵੀ ਇਸ ਤਾਰੀਖ ਤੋਂ ਗਿਣੀ ਜਾਂਦੀ ਹੈ।

## 13. ਭਾਰਤੀ ਪੇਟੈਂਟ ਪ੍ਰਣਾਲੀ ਅਨੁਸਾਰ ਪੇਟੈਂਟ ਦੀ ਮਿਆਦ ਕਿੰਨੀ ਹੈ?

ਭਾਰਤੀ ਪੇਟੈਂਟ ਪ੍ਰਣਾਲੀ ਅਨੁਸਾਰ ਹਰ ਕਿਸਮ ਦੀ ਕਾਢ ਲਈ ਪੇਟੈਂਟ ਦੀ ਮਿਆਦ 20 ਸਾਲ ਦੀ ਹੈ।

## 14. ਕਿਸੇ ਪੇਟੈਂਟ ਨੂੰ ਪੂਰੀ ਮਿਆਦ ਲਈ ਕਿਵੇਂ ਚਾਲੂ ਰੱਖਿਆ ਜਾ ਸਕਦਾ ਹੈ?

ਪੇਟੈਂਟ ਨੂੰ ਨਵਿਆਉਣ ਲਈ ਸਮੇਂ ਸਮੇਂ ਸਿਰ ਨਿਰਧਾਰਤ ਫੀਸ ਜਮਾਂ ਕਰਵਾ ਕੇ ਪੇਟੈਂਟ ਨੂੰ ਚਾਲੂ ਰੱਖਿਆ ਜਾ ਸਕਦਾ ਹੈ। ਜੇ ਪੇਟੈਂਟ ਨੂੰ ਨਵਿਆਇਆ ਨਹੀਂ ਜਾਂਦਾ, ਇਹ ਚਾਲੂ/ਲਾਗੂ ਰਹਿਣਾ ਬੰਦ ਕਰ ਦੇਵੇਗਾ ਅਤੇ ਕਾਢ ਜਨਤਕ ਤੌਰ ਤੇ ਉਪਲੱਬਧ ਹੋ ਜਾਏਗੀ ਅਤੇ ਕੋਈ ਵੀ ਇਸ ਕਾਢ ਨੂੰ ਕਾਢਕਾਰ ਦੀ ਇਜ਼ਾਜਤ ਤੋਂ ਬਿਨਾਂ ਤੇ ਉਸ ਦੇ ਅਧਿਕਾਰਾਂ ਦੀ ਉਲੰਘਣਾ ਕੀਤੇ ਬਿਨਾਂ ਵਰਤ ਸਕਦਾ ਹੈ।

## 15. ਸੰਭਾਵੀ ਪੇਟੈਂਟੀ (ਪੇਟੈਂਟ ਕਰਵਾਉਣ ਵਾਲਾ) ਨੂੰ ਕਿਹੜੇ ਜ਼ਰੂਰੀ ਪੇਟੈਂਟ ਦਸਤਾਵੇਜ਼ ਪੇਸ਼ ਕਰਨੇ ਪੈਂਦੇ ਹਨ?

ਦੋ ਤਰ੍ਹਾਂ ਦੇ ਪੇਟੈਂਟ ਦਸਤਾਵੇਜ਼ ਹੁੰਦੇ ਹਨ ਜਿਨ੍ਹਾਂ ਨੂੰ ਆਮ ਤੌਰ ਤੇ ਪੇਟੈਂਟ ਵੇਰਵੇ (ਸਪੈਸੀਫਿਕੇਸ਼ਨਾਂ) ਆਖਿਆ ਜਾਂਦਾ ਹੈ। (1) ਆਰਜੀ ਵੇਰਵਾ (ਪ੍ਰੋਵਿਜ਼ਨਲ ਸਪੈਸੀਫਿਕੇਸ਼ਨ) (2) ਮੁਕੰਮਲ ਵੇਰਵਾ (ਕੰਪਲੀਟ ਸਪੈਸੀਫਿਕੇਸ਼ਨ)

### ਆਰਜੀ ਵੇਰਵੇ

ਆਰਜੀ ਵੇਰਵੇ ਆਮ ਤੌਰ ਤੇ ਕਾਢ ਦੀ ਪਹਿਲ ਸਥਾਪਤ ਕਰਨ ਲਈ ਦਰਜ਼ ਕੀਤਾ ਜਾਂਦਾ ਹੈ ਜਦੋਂ ਦਰਸਾਈ ਗਈ ਕਾਢ ਅਜੇ ਵਿਚਾਰ ਅਧੀਨ ਹੀ ਹੁੰਦੀ ਹੈ ਅਤੇ ਉਸ ਬਾਰੇ ਮੁਕੰਮਲ ਅਤੇ ਵਿਸ਼ਿਸ਼ਟ ਵਿਆਖਿਆ ਪੇਸ਼ ਕਰਨ ਵਿੱਚ ਦੇਰ ਲੱਗਣ ਦੀ ਸੰਭਾਵਨਾ ਹੁੰਦੀ ਹੈ। ਭਾਵੇਂ ਆਰਜੀ ਸਪੈਸੀਫਿਕੇਸ਼ਨ ਨਾਲ ਪੇਟੈਂਟ ਲਈ ਕੀਤੀ ਗਈ ਦਰਖਾਸਤ, ਦਰਖਾਸਤ ਦੇਣ

ਵਾਲੇ ਨੂੰ ਕੋਈ ਕਾਨੂੰਨੀ ਪੇਟੈਂਟ ਅਧਿਕਾਰ ਨਹੀਂ ਦਿੰਦੀ, ਫੇਰ ਵੀ ਇਹ ਕਿਸੇ ਕਾਢ ਦੀ ਮੁੱਢਲੀ ਮਾਲਕੀ ਸਥਾਪਤ ਕਰਨ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਜ਼ਰੂਰ ਹੁੰਦਾ ਹੈ। ਆਰਜੀ ਵੇਰਵਾ ਇੱਕ ਸਥਾਈ ਅਤੇ ਸੁਤੰਤਰ ਵਿਗਿਆਨਕ-ਕਮ-ਕਾਨੂੰਨੀ ਦਸਤਾਵੇਜ਼ ਹੁੰਦਾ ਹੈ ਜਿਸ ਵਿੱਚ ਕੋਈ ਸੋਧ ਕਰਨ ਦੀ ਆਗਿਆ ਨਹੀਂ ਹੁੰਦੀ। ਇਸ ਵੇਰਵੇ ਦੇ ਆਧਾਰ ਤੇ ਪੇਟੈਂਟ ਮਨਜੂਰ ਨਹੀਂ ਕੀਤਾ ਜਾਂਦਾ ਸਗੋਂ ਆਰਜੀ ਵੇਰਵੇ ਦਾ ਤੋਂ ਬਾਅਦ ਮੁਕੰਮਲ ਵੇਰਵੇ ਦਾ ਦੇਣਾ ਜ਼ਰੂਰੀ ਹੁੰਦਾ ਹੈ। ਪਹਿਲੀ ਦਰਖਾਸਤ ਦੇਣ ਦੀ ਮਿਤੀ ਤੋਂ12 ਮਹੀਨੇ ਦੇ ਅੰਦਰ ਅੰਦਰ ਮੁਕੰਮਲ ਸਪੈਸੀਫਿਕੇਸ਼ਨ ਪੇਸ਼ ਕਰਨੀਆਂ ਜ਼ਰੂਰੀ ਹੁੰਦੀਆਂ ਹਨ। ਇਸ ਸਮੇਂ ਨੂੰ ਹੋਰ ਨਹੀਂ ਵਧਾਇਆ ਜਾ ਸਕਦਾ। ਆਰਜੀ ਵੇਰਵਾ ਨਾਲ ਦਰਖਾਸਤ ਦੇਣਾ ਜ਼ਰੂਰੀ ਨਹੀਂ ਹੈ। ਦਰਖਾਸਤ ਸਿੱਧੇ ਤੌਰ ਤੇ ਮੁਕੰਮਲ ਵੇਰਵੇ ਨਾਲ ਵੀ ਦਿੱਤਾ ਜਾ ਸਕਦੀ ਹੈ।

**ਮੁਕੰਮਲ ਵੇਰਵਾ :**

ਪੇਟੈਂਟ ਹਾਸਿਲ ਕਰਨ ਲਈ ਮੁਕੰਮਲ ਵੇਰਵਾ ਪੇਸ਼ ਕਰਨਾ ਬਹੁਤ ਜ਼ਰੂਰੀ ਹੈ।

ਮੁਕੰਮਲ ਵੇਰਵੇ ਵਿੱਚ ਹੇਠ ਲਿਖੀ ਜਾਣਕਾਰੀ ਦੇਣੀ ਜ਼ਰੂਰੀ ਹੈ।

1. ਕਾਢ ਦਾ ਸਿਰਲੇਖ,
2. ਕਾਢ ਦਾ ਸੰਬੰਧਿਤ ਖੇਤਰ,
3. ਕਾਢ ਨਾਲ ਸੰਬੰਧਿਤ ਪਹਿਲਾ ਕੀਤੇ ਕੰਮ, ਉਪਲਬੱਧ ਕਾਢਾਂ ਤੇ ਕੰਮਾਂ ਦੀਆਂ ਤਰੁੱਟੀਆਂ।
4. ਪ੍ਰਯੋਗੀ ਨਤੀਜਿਆਂ ਸਹਿਤ ਕਾਢ ਦਾ ਪੂਰਾ ਵੇਰਵਾ
5. ਕਾਢ ਨੂੰ ਸਮਝਣ ਲਈ ਲੋੜੀਦੇ ਨਕਸ਼ਾਕਸ਼ੀ ਚਿੱਤਰ
6. ਦਾਅਵੇ (Claims), ਇਹ ਕਾਢ ਸੰਬੰਧੀ ਉਹ ਕਥਨ ਹੁੰਦੇ ਹਨ ਜਿੰਨ੍ਹਾਂ ਦੇ ਅਧਾਰ ਤੇ ਕਾਢ ਉੱਪਰ ਕਾਨੂੰਨੀ ਮਾਲਕੀ ਦਾ ਹੱਕ ਮੰਗਿਆ ਜਾਂਦਾ ਹੈ। ਇਸ ਕਰ ਕੇ ਇਹਨਾਂ ਨੂੰ ਲਿਖਣ ਵੇਲੇ ਬੜੀ ਸਾਵਧਾਨੀ ਵਰਤਣੀ ਚਾਹੀਦੀ ਹੈ।
7. ਕਾਢ ਦਾ ਸੰਖੇਪ ਸਾਰ
8. ਜੇ ਕਾਢ ਵਿੱਚ ਕੋਈ ਜੈਵਿਕ ਪਦਾਰਥ ਦਾ ਜਿਕਰ ਹੋਵੇ ਤਾਂ ਉਸ ਜੈਵਿਕ ਪਦਾਰਥ ਦਾ ਸਰੋਤ ਅਤੇ ਭੂਗੋਲਿਕ ਉਤਪੱਤੀ ਬਾਰੇ ਜਾਣਕਾਰੀ ਪੇਟੈਂਟ ਦਸਤਾਵੇਜ ਦੇ ਮੁਕੰਮਲ ਵੇਰਵੇ ਵਿੱਚ ਦੇਣੀ ਜ਼ਰੂਰੀ ਹੈ। ਜੇ ਉਹ ਜੈਵਿਕ ਪਦਾਰਥ ਨਵਾਂ ਹੈ ਤਾਂ ਉਸ ਨੂੰ ਅੰਤਰਾਸਟਰੀ ਡੀਪੋਸਟਰੀ ਅਥਾਰਟੀ (IDA) ਵਿੱਚ ਜਮਾਂ ਕਰਵਾਕੇ ਅਤੇ ਉਸ ਅਥਾਰਟੀ ਦਾ ਪਤਾ ਅਤੇ ਉਸ ਵੱਲੋਂ ਜਾਰੀ ਕੀਤਾ ਗਿਆ ਰਜਿਸਟਰੇਸ਼ਨ ਨੰਬਰ ਮੁਕੰਮਲ ਵੇਰਵੇ ਵਿੱਚ ਦੇਣਾ ਜ਼ਰੂਰੀ ਹੈ। (ਇਸੰਟੀਚਿਊਟ ਆਫ ਮਾਈਕਰੋਬਿਆ ਟੈਕਨਾਲੋਜੀ, ਚੰਡੀਗੜ੍ਹ ਭਾਰਤ ਦੀ ਇੱਕ ਮਨਜੂਰ ਸੁਦਾ ਇੰਟਰਨੈਸ਼ਨਲ ਡੀਪੋਜ਼ਟਰੀ ਅਥਾਰਟੀ ਹੈ)

## 16. ਪੇਟੈਂਟ ਦੀ ਦਰਖਾਸਤ ਵਿੱਚ ਕਾਢ-ਕਰਤਾਵਾਂ ਦੇ ਨਾਮੰਕਣ ਕਰਨ ਦੇ ਕੀ ਮਾਪਦੰਡ ਹਨ?

ਕਾਢਕਰਤਾਵਾਂ ਦੇ ਨਾਮੰਕਣ ਕਰਨ ਦਾ ਫ਼ੈਸਲਾ ਆਮ ਤੌਰ ਤੇ ਹੇਠ ਲਿਖੇ ਮਾਪਦੰਡਾਂ ਦੇ ਅਨੁਸਾਰ ਕੀਤਾ ਜਾਂਦਾ ਹੈ:

1. ਪੇਟੈਂਟਯੋਗ ਤੱਥ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਵਿਅਕਤੀਆਂ ਨੂੰ ਕਾਢ-ਕਰਤਾਵਾਂ ਦੇ ਨਾਮੰਕਣ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।
2. ਜਿਨ੍ਹਾਂ ਵਿਅਕਤੀਆਂ ਨੇ ਖੋਜ ਦੇ ਕਾਰਜ ਵਿੱਚ ਕਾਢ ਨੂੰ ਪੇਟੈਂਟ ਯੋਗ ਬਣਾਉਣ ਵਿੱਚ ਅੰਤਿਮ ਪਰਿਣਾਮਾਂ ਤੱਕ ਪਹੁੰਚਣ ਲਈ ਕੋਈ ਵੀ ਬੌਧਿਕ ਯੋਗਦਾਨ ਪਾਇਆ ਹੋਵੇ, ਉਹਨਾਂ ਸਾਰਿਆਂ ਦੇ ਨਾਮ ਕਾਢ-ਕਰਤਾਵਾਂ ਵਜੋਂ ਨਾਮੰਕਣ ਵਿੱਚ ਦਰਜ ਹੋਣੇ ਚਾਹੀਦੇ ਹਨ।
3. ਜਿਸ ਵਿਅਕਤੀ ਨੇ ਕਿਸੇ ਕਾਢ ਵਿੱਚ ਕੋਈ ਬੌਧਿਕ ਯੋਗਦਾਨ ਨਹੀਂ ਪਾਇਆ ਉਸਦਾ ਨਾਮੰਕਣ ਕਾਢ-ਕਰਤਾਵਾਂ ਵਿੱਚ ਨਹੀਂ ਕੀਤਾ ਜਾਣਾ ਚਾਹੀਦਾ ਹੈ।
4. ਜਿਹੜਾ ਵਿਅਕਤੀ ਕਾਢ ਦੇ ਬੀਜ ਪੈਦਾ ਕਰਨ ਲਈ ਲੋੜੀਂਦੇ ਵਿਚਾਰ ਪ੍ਰਦਾਨ ਕਰਦਾ ਹੈ ਉਸਨੂੰ ਖੁਦ ਕੋਈ ਤਜਰਬੇ ਕਰਨ, ਆਪਣੇ ਹੱਥਾਂ ਨਾਲ ਉਪਕਰਣ ਜਾਂ ਡਿਜ਼ਾਈਨ ਦੀ ਡਰਾਇੰਗ ਬਣਾਉਣ ਦੀ ਲੋੜ ਨਹੀਂ। ਉਹ ਦੂਜਿਆਂ ਦੀ ਮੱਦਦ ਲੈ ਸਕਦਾ ਹੈ। ਉਹ ਵਿਅਕਤੀ ਜਿਹਨਾਂ ਨੇ ਤਜਰਬੇ ਕਰਨ, ਉਪਕਰਣ ਬਣਾਉਣ, ਡਰਾਇੰਗ ਬਣਾਉਣ ਜਾਂ ਮਾਡਲ ਬਣਾਉਣ ਆਦਿ ਵਿੱਚ ਮੱਦਦ ਕੀਤੀ ਹੁੰਦੀ ਹੈ ਪਰ ਉਸ ਨੇ ਕੋਈ ਬੌਧਿਕ ਯੋਗਦਾਨ ਨਹੀਂ ਪਾਇਆ ਹੁੰਦਾ, ਉਸਦਾ ਨਾਮ ਵੀ ਕਾਢ-ਕਰਤਾਵਾਂ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ।

ਅਕਸਰ ਕਾਢ-ਕਰਤਾਵਾਂ ਦੇ ਨਾਵਾਂ ਦਾ ਫ਼ੈਸਲਾ ਕਰਨ ਵਿੱਚ ਕਠਨਾਈਆਂ ਪੇਸ਼ ਆਉਂਦੀਆਂ ਹਨ। ਅਜਿਹੀਆਂ ਪਰਿਸਥਿਤੀਆਂ ਤੋਂ ਬਚਣ ਲਈ ਬੇਹੱਦ ਜ਼ਰੂਰੀ ਹੈ ਕਿ ਵਿਗਿਆਨੀ ਜੋ ਖੋਜ ਵਿੱਚ ਰੁੱਝੇ ਹੋਏ ਹਨ, ਰੋਜ਼ ਜੋ ਵੀ ਕੰਮ ਕਰਦੇ ਹਨ, ਉਸਦਾ ਸਪੱਸ਼ਟ ਸਹੀ ਅਤੇ ਤੱਥ ਆਧਾਰਿਤ ਲਿਖਤੀ ਰਿਕਾਰਡ ਜ਼ਰੂਰ ਰੱਖਣ। ਡਾਇਰੀ ਦੇ ਪੰਨਾ ਨੰਬਰ ਲਗਾਤਾਰ ਲਾਏ ਗਏ ਹੋਣ ਅਤੇ ਹਰ ਰੋਜ਼ ਜੋ ਅੰਦਰਾਜ ਕੀਤਾ ਜਾਂਦੇ ਹਨ ਉਹ ਵਿਗਿਆਨੀ ਅਤੇ ਸਬੰਧਿਤ ਲੀਡਰ ਦੋਵਾਂ ਵੱਲੋਂ ਦਸਖਤ ਕੀਤੇ ਜਾਣ।

## 16A. ਪੇਟੈਂਟ ਲਈ ਦਰਖਾਸਤ ਦੇ ਨਿਰੀਖਣ ਲਈ ਬੇਨਤੀ ਤੋਂ ਕੀ ਭਾਵ ਹੈ ਅਤੇ ਇਹ ਕਦੋਂ ਕੀਤੀ ਜਾਂਦੀ ਹੈ?

ਬਿਨੈਕਾਰ ਵੱਲੋਂ ਪੇਟੈਂਟ ਲੈਣ ਲਈ ਮੁਕੰਮਲ ਵੇਰਵੇ ਜਮ੍ਹਾਂ ਕਰਵਾਉਣ ਤੋਂ ਬਾਅਦ ਆਪਣੀ ਦਰਖਾਸਤ ਦੇ ਨਿਰੀਖਣ ਲਈ ਪੇਟੈਂਟ ਦਫ਼ਤਰ ਨੂੰ ਬੇਨਤੀ ਕਰਨੀ ਜ਼ਰੂਰੀ ਹੁੰਦੀ ਹੈ। ਦੂਸਰੇ ਸ਼ਬਦਾ ਵਿੱਚ, ਪੇਟੈਂਟ ਦਫ਼ਤਰ ਉਸ ਸਮੇਂ ਤੱਕ ਪ੍ਰੇਟੈਂਟ ਲਈ ਦਰਖਾਸਤ ਦਾ ਨਿਰੀਖਣ ਨਹੀਂ ਕਰਦਾ, ਜਦੋਂ ਤੱਕ ਉਸ ਲਈ ਸੰਬੰਧਿਤ ਫਾਰਮ ਭਰਨ ਤੇ ਭਰ ਕੇ ਬੇਨਤੀ ਨਹੀਂ ਕੀਤੀ ਜਾਂਦੀ। ਇਹ ਬੇਨਤੀ, ਬਿਨੈਕਾਰ ਜਾਂ ਕਿਸੇ ਹੋਰ ਕਾਢ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਵੱਲੋਂ ਪੇਟੈਂਟ ਲਈ ਦਰਖਾਸਤ ਦੇਣ ਦੀ ਮਿਤੀ ਤੋਂ 48 ਮਹੀਨਿਆਂ ਦੇ ਅੰਦਰ, ਕੀਤੀ ਜਾ ਸਕਦੀ ਹੈ।

## 16B. ਪੇਟੈਂਟ ਲੈਣ ਲਈ ਦਿੱਤੀ ਗਈ ਦਰਖਾਸਤ ਕਦੋ ਪ੍ਰਕਾਸ਼ਿਤ ਕੀਤੀ ਜਾਂਦੀ ਹੈ,ਅਤੇ ਇਹ ਆਮ ਜਨਤਾ ਨੂੰ ਕਿਵੇਂ ਹਾਸਿਲ ਹੁੰਦੀ ਹੈ?

ਪੇਟੈਂਟ ਦਰਖਾਸਤ ਪੇਟੈਂਟ ਦਫ਼ਤਰ ਦੇ ਦਫ਼ਤਰੀ ਰਸਾਲੇ ਵਿੱਚ ਦਰਖਾਸਤ ਦੇਣ ਦੀ ਮਿਤੀ ਜਾਂ ਉਸ ਦੀ ਪੂਰਵ ਮਿਤੀ (Priorty date) ਤੋਂ 18 ਮਹੀਨੇ ਬਾਅਦ, ਜਿਹੜੀ ਪਹਿਲੀ ਵਾਪਰੇ, ਪ੍ਰਕਾਸਿਤ ਕੀਤੀ ਜਾਂਦੀ ਹੈ। ਬਿਨੈਕਾਰ ਵਜੋਂ ਖਾਸ ਬੇਨਤੀ ਕਰਨ ਅਤੇ ਨਿਰਧਾਰਿਤ ਫੀਸ ਦੇ ਕੇ ਇਹ ਪਹਿਲਾਂ ਵੀ ਪ੍ਰਕਾਸ਼ਿਤ ਕਰਵਾਈ ਜਾ ਸਕਦੀ ਹੈ।

ਜੇ ਉਸ ਦਰਖਾਸਤ ਨੂੰ ਗੁਪਤ ਰੱਖਣ ਬਾਰੇ ਨਿਰਦੇਸ ਜਾਰੀ ਕੀਤੇ ਗਏ ਹੋਣ, ਉਹਨਾਂ ਹਾਲਤਾ ਵਿੱਚ ਦਰਖਾਸਤ ਉਸ ਸਮੇਂ ਤੱਕ ਪ੍ਰਕਾਸ਼ਿਤ ਨਹੀਂ ਕੀਤੀ ਜਾਂਦੀ ਜਦੋਂ ਤੱਕ ਉਹਨਾਂ ਨਿਰਦੇਸ ਦੀ ਮਿਆਦ ਖ਼ਤਮ ਨਹੀਂ ਹੋ ਜਾਂਦੀ। ਕੋਈ ਵੀ ਬਿਨੈਕਾਰ ਪ੍ਰਕਾਸ਼ਨ ਮਿਤੀ ਤੋਂ 3 ਮਹੀਨੇ ਪਹਿਲਾਂ ਤੱਕ ਆਪਣੀ ਦਰਖਾਸਤ ਵਾਪਿਸ ਲੈ ਸਕਦਾ ਹੈ ਅਤੇ ਅਜਿਹੇ ਹਾਲਤਾਂ ਵਿੱਚ ਇਹ ਦਰਖਾਸਤ ਪ੍ਰਕਾਸਿਤ ਨਹੀਂ ਕੀਤੀ ਜਾਂਦੀ।

ਪੇਟੈਂਟ ਦਰਖਾਸਤ ਦੇ ਪ੍ਰਕਾਸ਼ਨ ਵਿੱਚ ਦਰਖਾਸਤ ਮਿਤੀ, ਦਰਖਾਸਤ ਦਾ ਨੰਬਰ, ਬਿਨੈਕਾਰ ਦਾ ਨਾਮ ਅਤੇ ਪਤਾ, ਸੰਖੇਪ ਸਾਰ ਪ੍ਰਕਾਸ਼ਿਤ ਕੀਤਾ ਜਾਦਾ ਹੈ ਅਤੇ ਇਹ ਬਿਉਰਾ ਆਮ ਜਨਤਾ ਦੇ ਨਿਰੀਖਣ ਲਈ ਖੁੱਲ੍ਹਾ ਹੁੰਦਾ ਹੈ। ਪੂਰਾ ਪੇਟੈਂਟ ਦਸਤਾਵੇਜ਼ ਪੇਟੈਂਟ ਦਫ਼ਤਰ ਤੋਂ ਨਿਰਧਾਰਿਤ ਫੀਸ ਦੇ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

## 17. ਪੇਟੈਂਟ ਅਟਾਰਨੀ/ਵਕੀਲ ਦਾ ਮਸ਼ਵਰਾ ਲੈਣ ਲਈ ਕਿਹੋ ਜਿਹੀ ਜਾਣਕਾਰੀ ਦੀ ਲੋੜ ਪੈਂਦੀ ਹੈ?

ਕਾਢਕਾਰ ਨੂੰ ਆਪਣੀ ਕਾਢ ਸਬੰਧੀ ਪੂਰੀ ਜਾਣਕਾਰੀ ਆਪਣੇ ਵਕੀਲ ਨਾਲ ਸਾਂਝੀ ਕਰ ਲੈਣੀ ਚਾਹੀਦੀ ਹੈ ਅਤੇ ਇਹ ਠੀਕ ਬਿਲਕੁਲ ਉਸੇ ਤਰ੍ਹਾਂ ਹੀ ਹੈ, ਜਿਸ ਤਰ੍ਹਾਂ ਇੱਕ ਡਾਕਟਰ ਮਰੀਜ਼ ਕੋਲੋਂ ਬੀਮਾਰੀ ਬਾਰੇ ਜਾਣਕਾਰੀ ਲਏ ਬਿਨਾ ਠੀਕ ਦਵਾਈ ਨਹੀਂ ਦੇ ਸਕਦਾ, ਉਸੇ ਤਰ੍ਹਾਂ ਇੱਕ ਪੇਟੈਂਟ ਅਟਾਰਨੀ ਕਾਢ ਕਾਰ ਤੋਂ ਕਾਢ ਬਾਰੇ ਪੂਰੀ ਜਾਣਕਾਰੀ ਲਏ ਬਿਨਾਂ ਪੇਟੈਂਟ ਲੈਣ ਲਈ ਇੱਕ ਵਧੀਆਂ ਦਸਤਾਵੇਜ ਦਾ ਆਲੇਖ ਨਹੀਂ ਕਰ ਸਕਦਾ। ਪੇਟੈਂਟ ਵਕੀਲ ਨਾਲ ਜਾਣਕਾਰੀ ਸਾਂਝੀ ਕਰਨ ਵੇਲੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

i) ਆਪਣੀ ਕਾਢ ਬਾਰੇ ਉਸ ਦੀਆਂ ਘਾਟਾਂ, ਅਸਫ਼ਲਤਾਵਾਂ ਸਮੇਤ (ਜੇ ਕੋਈ ਹੋਵੇ) ਸੰਪੂਰਨ ਜਾਣਕਾਰੀ ਦੇਵੋ।

ii) ਪੇਟੈਂਟ ਅਟਾਰਨੀ ਵੱਲੋਂ ਕੀਤੇ ਗਏ ਕਿਸੇ ਪ੍ਰਸ਼ਨ ਦਾ ਬੁਰਾ ਨਾ ਮੰਨੋ ਉਦਾਹਰਨ ਦੇ ਤੋਰ ਤੇ ਜਿਵੇਂ ਇਹ ਵਿਚਾਰ ਤੁਹਾਡੇ ਕੋਲ ਕਿੱਥੋਂ ਆਇਆ ਜਾਂ ਕੀ ਤੁਸੀਂ ਇਹ ਵਿਚਾਰ ਬਾਰੇ ਕਿਸੇ ਦੀ ਨਕਲ ਕੀਤੀ ਹੈ, ਜਾਂ ਕੀ ਤੁਸੀਂ ਆਪਣੇ ਸਾਰੇ ਸਾਥੀਆਂ (ਜੋ ਕਾਢ ਲਈ ਤੁਹਾਡੇ ਨਾਲ ਕੰਮ ਕਰ ਰਹੇ ਹਨ) ਨੂੰ ਕਾਢਕਾਰ ਦੇ ਨਾਮ ਅੰਦਰ ਦਰਜ ਕਰਵਾਉਣ ਚਾਹੁੰਦੇ ਹੋ) ਕੀ ਤੁਸੀਂ ਆਪਣੀ ਕਾਢ ਨੂੰ ਕਿਧਰੇ ਪ੍ਰਕਾਸ਼ਿਤ ਕੀਤਾ ਹੈ, ਕਿਸੇ ਸੈਮੀਨਾਰ/ਕਾਨਫਰੰਸ ਵਿੱਚ ਇਸਦਾ ਖੁਲਾਸਾ ਕੀਤਾ ਹੈ ਜਾਂ ਕਿਧਰੇ ਪ੍ਰਦਸਿਤ ਕੀਤਾ ਹੈ।

ਪੇਟੈਂਟ ਦਸਤਾਵੇਜ਼ ਇੱਕ ਕਾਨੂੰਨੀ-ਤਕਨੀਕੀ ਦਸਤਾਵੇਜ ਹੁੰਦਾ ਹੈ ਇਸ ਕਰਕੇ ਇਸਦਾ ਅਲੇਖ ਕਰਨ ਸਮੇਂ ਸਰੂ ਤੋਂ ਹੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਇਸ ਸਬੰਧ ਵਿੱਚ ਸਾਰੀ ਸਹੀ ਜਾਣਕਾਰੀ ਦੇਵੋ ਅਤੇ ਇਸ ਲਈ ਤੁਸੀਂ ਆਪਣੀ ਪ੍ਰਯੋਗਸ਼ਾਲਾ ਦੀਆਂ ਨੋਟ ਬੁੱਕਾਂ ਜਾਂ ਲਾਗ ਬੁੱਕਾਂ ਵੀ ਦਿਖਾ ਸਕਦੇ ਹੋ। ਇਸ ਨਾਲ ਪੇਟੈਂਟ ਅਟਾਰਨੀ ਨੂੰ ਪੇਟੈਂਟ ਦਸਤਾਵੇਜ ਵਿੱਚ ਆਵਿਸਕਾਰਤਾ (ਅਪ੍ਰਤੱਖਤਾ) ਪੱਖ ਨੂੰ ਸਥਾਪਿਤ ਕਰਨ ਤੇ ਉਸ ਦੀ ਵਿਆਖਿਆ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਉਹ ਇੱਕ ਵਧੀਆਂ ਪੇਟੈਂਟ ਦਰਖਾਸਤ (Specifications) ਅਤੇ ਦਾਅਵਿਆਂ (Clairs) ਦਾ ਅਲੇਖ ਕਰ ਸਕਦਾ ਹੈ।

iii) ਆਪਣੀ ਕਾਢ ਦੇ ਕੇਂਦਰੀ ਭਾਗ ਸਮੇਤ ਨਵੀਨਤਾ, ਉਪਭੋਗਤਾ ਅਤੇ ਲਾਭਦਾਇਕਤਾ ਬਾਰੇ ਪੂਰੀ ਜਾਣਕਾਰੀ ਪੇਸ਼ ਕਰੋ।

iv) ਤੁਹਾਡੀ ਕਾਢ ਨਾਲ ਸੰਬੰਧਿਤ ਪੂਰਣ ਕਾਢਾਂ ਬਾਰੇ ਤੁਹਾਡੇ ਕੋਲ ਜੋ ਵੀ ਜਾਣਕਾਰੀ ਹੈ, ਉਹ ਪੇਟੈਂਟ ਅਟਾਰਨੀ ਨੂੰ ਪੇਸ਼ ਕਰੋ।

v) ਜੇ ਤੁਸੀਂ ਪਹਿਲਾਂ ਹੀ ਗਿਆਤ ਕਿਸੇ ਉਤਪਾਤ ਜਾਂ ਵਿਧੀ ਨੂੰ ਸੁਧਾਰਿਆ ਹੀ ਹੈ ਤਾਂ ਉਸ ਨੂੰ ਪੂਰੀ ਇਮਾਨਦਾਰੀ ਨਾਲ ਸਵੀਕਾਰ ਕਰੋ, ਇਹ ਜਾਣਕਾਰੀ ਪੇਟੈਂਟ ਅਟਾਰਨੀ ਨੂੰ ਦਰਖਾਸਤ ਤਿਆਰ ਕਰਨ ਵੇਲੇ ਸਹੀ ਦਾਅਵੇ ਪੇਸ਼ ਕਰਨ ਵਿੱਚ ਸਹਾਈ ਹੁੰਦੀ ਹੈ ਅਤੇ ਉਸ ਨੂੰ ਅਜਿਹੇ ਵਾਧੂ ਦਾਵਿਆਂ ਦਾ ਆਲੇਖ ਕਰਨ ਤੋਂ ਰੋਕਦੀ ਹੈ, ਜਿਹੜੇ ਬਾਅਦ ਵਿੱਚ ਖਾਰਜ ਕੀਤੇ ਜਾ ਸਕਦੇ ਹੋਣ।

vi) ਕਾਢ ਨੂੰ ਅਮਲੀ ਤੌਰ ਤੇ ਵਰਤਣ ਲਈ ਸਭ ਤੋਂ ਵਧੀਆਂ ਢੰਗ ਤਰੀਕੇ, ਪਰਖਾਂ ਤੇ ਅਜਮਾਇਸ਼ਾਂ ਦੇ ਪਰਿਣਾਮ, ਇਹਨਾਂ ਦੇ ਨੁਕਸ ਅਤੇ ਅਸਫਲਤਾਵਾਂ ਸਮੇਤ ਸਾਰੀ ਜਾਣਕਾਰੀ ਪੇਟੈਂਟ ਅਟਾਰਨੀ ਨਾਲ ਸਾਂਝੀ ਕਰਨੀ ਚਾਹੀਦੀ ਹੈ।

vii) ਕਾਢ ਨੂੰ ਵਰਤਣ ਦੇ ਬਦਲਵੇ ਢੰਗ ਤਰੀਕੇ ਜਾਂ ਇਹਨਾਂ ਦੇ ਭਾਗਾਂ ਦੇ ਬਦਲ ਆਦਿ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

vii) ਪੇਟੈਂਟ ਦਸਤਾਵੇਜ ਦਾ ਆਲੇਖ ਕਰਨ ਸਮੇਂ ਜੇ ਸੰਭਵ ਹੋਵੇ ਤਾਂ ਘੱਟ ਸੰਤੋਸ਼ਜਨਕ ਬਦਲਾਵਾਂ ਨੂੰ ਥਾਂ ਦੇਣ ਲਈ ਉਸਨੂੰ ਲੰਬਾ ਚੌੜਾ ਡਰਾਫਟ ਕਰਨਾ ਚਾਹੀਦਾ ਹੈ। ਇਹ ਪ੍ਰਕ੍ਰਿਆ ਵਿਰੋਧੀਆਂ ਨੂੰ ਘੱਟ ਸੰਤੋਸ਼ਜਨਕ ਉਤਪਾਦਾਂ ਦਾ ਬਜ਼ਾਰੀਕਰਨ ਕਰਨ ਤੋਂ ਰੋਕਦਾ ਹੈ। ਕਿਉਂ ਕਿ ਜੇ ਇਹ ਉਤਪਾਦ ਆਪਣੀਆਂ ਖਾਮੀਆਂ ਨਾਲ ਬਜਾਰ ਵਿੱਚ ਜਾਂਦਾ ਤਾਂ ਇਹ ਪੇਟੈਂਟ ਉਤਪਾਦ ਬਾਰੇ ਵੀ ਬਦਨਾਮੀ ਪੈਦਾ ਕਰਵਾ ਸਕਦਾ ਹੈ।

ix) ਅਰੰਭਕ ਖੋਜ ਅਤੇ ਪੇਟੈਂਟ ਦਰਖਾਸਤ ਮਨਜੂਰ ਹੋਣ ਤੱਕ ਦੇ ਸਮੇਂ ਦਰਮਿਆਨ, ਪੇਟੈਂਟ ਆਟਰਨੀ ਦੇ ਕਿਸੇ ਵੀ ਸੰਕੇ ਜਾਂ ਪ੍ਰਸ਼ਨ ਦਾ ਛੇਤੀ ਤੇ ਸਹੀ ਜਵਾਬ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਕਾਢ ਕਾਰ ਨੂੰ ਆਪਣੀ ਕਾਢ ਸੰਬੰਧੀ ਉਸ ਵੱਲੋਂ ਜਾਂ ਕਿਸੇ ਹੋਰ ਵੱਲੋਂ ਕੀਤੇ ਨਵੇਂ ਵਿਕਾਸ ਬਾਰੇ ਸੂਚਿਤ ਕਰਦੇ ਰਹਿਣਾ ਚਾਹੀਦਾ ਹੈ।

## 18. ਭਾਰਤੀ ਪੇਟੈਂਟ ਐਕਟ 1970 ਦੇ ਤਹਿਤ ਵਿਰੋਧਤਾ (ਇਤਰਾਜ਼) ਕੀ ਹੈ?

ਭਾਰਤੀ ਪੇਟੈਂਟ ਐਕਟ, 1970, ਪੇਟੈਂਟ ਮਨਜੂਰ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ, ਪੇਟੈਂਟ ਦੇ ਵਿਰੋਧ ਵਿੱਚ ਇਤਰਾਜ਼ ਪੇਸ਼ ਕਰਨ ਲਈ ਮੌਕਾ ਪ੍ਰਦਾਨ ਕਰਦਾ ਹੈ। ਪੇਟੈਂਟ ਮਨਜੂਰ ਹੋਣ ਤੋਂ ਪਹਿਲਾਂ ਇਹ ਇਤਰਾਜ (ਵਿਰੋਧਤਾ) ਕਾਢ ਦੀ ਦਰਖਾਸਤ ਦੇ ਪ੍ਰਕਾਸ਼ਨ ਤੋਂ ਬਾਅਦ ਅਤੇ ਮਨਜ਼ੂਰ ਹੋਣ ਤੋਂ ਪਹਿਲਾਂ ਦੇ ਸਮੇਂ ਦਰਮਿਆਨ ਪੇਸ਼ ਕੀਤੇ ਜਾ ਸਕਦੇ ਹਨ। ਪੇਟੈਂਟ ਮਨਜ਼ੂਰ ਹੋਣ ਦੇ ਬਾਅਦ ਵਿੱਚ ਇਹ ਇਤਰਾਜ ਇੱਕ ਸਾਲ ਦੇ ਸਮੇਂ ਅੰਦਰ ਦਾਖ਼ਲ ਕੀਤੇ ਜਾ ਸਕਦੇ ਹਨ। ਹਰੇਕ ਵਿਰੋਧਤਾ ਵਾਲੀ ਦਰਖਾਸਤ (ਜਿਹੜੀ ਕਿ ਕੰਟਰੋਲਰ ਵੱਲੋਂ ਸਵੀਕਾਰ/ਦਾਖ਼ਲ ਕਰ ਲਈ ਜਾਂਦੀ ਹੈ) ਲਈ ਇੱਕ ਇਤਰਾਜ ਬੋਰਡ ਦਾ ਗਠਨ ਕੀਤਾ ਜਾਂਦਾ ਹੈ, ਜਿਹੜਾ ਕਿ ਦਿੱਤੀ ਗਈ ਦਰਖ਼ਾਸਤ ਦੇ ਇਤਰਾਜਾਂ ਤੇ ਵਿਚਾਰ ਕਰਦਾ ਹੈ।

## 19. ਕਿਸ-ਕਿਸ ਆਧਾਰ ਤੇ ਇਹ ਵਿਰੋਧਤਾ (ਇਤਰਾਜ਼) ਦਾਖਲ ਕੀਤੀ ਜਾ ਸਕਦੀ ਹੈ?

ਪੇਟੈਂਟ ਮਨਜੂਰ ਹੋਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੇਠ ਲਿਖੇ ਆਧਾਰ ਤੇ ਵਿਰੋਧਤਾ ਪੇਸ਼ ਕੀਤੀ ਜਾ ਸਕਦੀ ਹੈ।

i) ਗਲਤ ਢੰਗ ਤਰੀਕੇ ਨਾਲ ਪ੍ਰਾਪਤ ਕੀਤੀ ਕਾਢ ਜਾਂ ਉਸਦਾ ਕੋਈ ਭਾਗ, ਜਿਸ ਵਾਸਤੇ ਦਾਆਵਾ ਪੇਸ਼ ਕੀਤਾ ਗਿਆ ਹੋਵੇ।

ii) ਜੇ ਸੰਬੰਧਿਤ ਕਾਢ ਬਾਰੇ ਜਾਣਕਾਰੀ ਕਿਸੇ ਪੇਟੈਂਟ ਜਾਂ ਕਿਸੇ ਹੋਰ ਦਸਤਾਵੇਜ਼ ਵਿੱਚ ਪੂਰਵ ਮਿਤੀ (Prior date) ਤੋਂ ਪਹਿਲਾਂ ਪ੍ਰਕਾਸਿਤ ਹੋ ਗਈ ਹੋਵੇ।

iii) ਕਾਢ ਬਾਰੇ ਜਾਣਕਾਰੀ, ਕਾਢ ਦੀ ਪੂਰਵ ਮਿਤੀ ਤੋਂ ਬਾਅਦ ਕਿਸੇ ਪੇਟੈਂਟ ਦਸਤਾਵੇਜ਼ ਵਿੱਚ ਪ੍ਰਕਾਸ਼ਿਤ ਹੋ ਚੁੱਕੀ ਹੋਵੇ, ਜਿਸਦੀ ਕਿ ਆਪਣੀ ਪੂਰਵਮਿਤੀ ਹੋਰ ਪਹਿਲਾਂ ਹੋਵੇ।

iv) ਜੇ ਸੰਬੰਧਿਤ ਕਾਢ ਪੂਰਵ ਮਿਤੀ ਤੋਂ ਪਹਿਲਾਂ ਜਨਤਕ ਤੋਰ ਤੇ ਉਜਾਗਰ ਹੋਵੇ ਜਾਂ ਜਨਤਕ ਤੌਰ ਤੇ ਵਰਤੋਂ ਵਿੱਚ ਹੋਵੇ।

v) ਜੇ ਕਾਢ ਪ੍ਰਤੱਖ ਹੋਵੇ ਅਤੇ ਉਸ ਵਿੱਚ ਆਵਿਸ਼ਕਾਰਤਾ (ਅਪ੍ਰੱਤਖਤਾ) ਦਾ ਕੋਈ ਅੰਸ਼ ਨਾ ਹੋਵੇ ਅਤੇ ਇਸਨੂੰ ਪੂਰਵ ਮਿਤੀ ਤੋਂ ਪਹਿਲਾਂ ਕਾਢ ਨਾਲ ਸੰਬੰਧਤ ਪ੍ਰਕਾਸ਼ਨਾਂ ਜਾਂ ਵਰਤੋਂ (ਭਾਰਤ) ਦੇ ਸੰਬੰਧ ਵਿੱਚ ਸਿੱਧ ਕੀਤਾ ਜਾ ਸਕਦਾ ਹੈ।

vi) ਜੇ ਸੰਬਧਿਤ ਕਾਢ ਪੇਟੈਂਟ ਐਕਟ ਦੇ ਤਹਿਤ 'ਕਾਢ' ਦੀ ਪਰਿਭਾਸ਼ਾ ਦੇ ਅੰਤਰਗਤ ਨਾ ਹੋਵੇ ਜਾਂ ਪੇਟੈਂਟ ਐਕਟ ਅਨੁਸਾਰ ਪੇਟੈਂਟ ਹੋਣ ਯੋਗ ਨਾ ਹੋਵੇ।

vii) ਜੇ ਕਾਢ ਦੇ ਮੁਕੰਮਲ ਵੇਰਵੇ ਵਾਲੇ ਦਸਤਾਵੇਜ ਵਿੱਚ ਸਪੱਸ਼ਟ ਅਤੇ ਸੰਤੋਸ਼ਜਨਕ ਤੌਰ ਤੇ ਕਾਢ ਬਾਰੇ ਜਾਂ ਉਸ ਦੀ ਵਿਧੀ ਬਾਰੇ ਜਾਣਕਾਰੀ ਨਾ ਦਿੱਤੀ ਗਈ ਹੋਵੇ।

viii) ਜੇ ਬਿਨੈਕਾਰ ਸੰਬੰਧਿਤ ਕਾਢ ਬਾਰੇ ਵਿਦੇਸ਼ ਵਿੱਚ ਦਿੱਤੀਆਂ ਗਈਆਂ ਦਰਖਾਸਤਾਂ ਬਾਰੇ ਕੰਟਰੋਲਰ ਨੂੰ ਜਾਣਕਾਰੀ ਦੇਣ ਵਿੱਚ ਅਸਫਲ ਰਿਹਾ ਹੋਵੇ ਜਾਂ ਉਸ ਨੇ ਸਹੀ ਜਾਣਕਾਰੀ ਦੇਣ ਦੇ ਬਾਵਜੂਦ ਕੋਈ ਗ਼ਲਤ ਜਾਣਕਾਰੀ ਦਿੱਤੀ ਹੋਵੇ।

ix) ਜੇ ਬਿਨੈਕਾਰ ਨੇ ਪਹਿਲਾਂ ਪੈਰਿਸ ਕੰਨਵੈਨਸਨ ਜਾਂ ਪੀ.ਸੀ.ਟੀ ਤਹਿਤ ਦਰਖਾਸਤ ਦਿੱਤੀ ਹੋਈ ਹੈ ਅਤੇ ਅਗਲੇਰੀ ਦਰਖਾਸਤ ਸੰਬੰਧਿਤ ਮੁਲਕ ਵਿੱਚੋਂ 12 ਮਹੀਨੇ ਖ਼ਤਮ ਹੋਣ ਤੋਂ ਪਹਿਲਾਂ ਦਾਖਲ ਨਾ ਕੀਤੀ ਗਈ ਹੋਵੇ।

x) ਕਾਢ ਦੇ ਮੁਕੰਮਲ ਵੇਰਵੇ ਵਾਲੇ ਦਸਤਾਵੇਜ਼ ਵਿੱਚ ਜੈਵਿਕ ਪਦਾਰਥ ਦੇ ਸਰੋਤ ਜਾਂ ਭੂਗੋਲਿਕ ਉਤਪੱਤੀ ਬਾਰੇ ਜਾਣਕਾਰੀ ਨਾ ਦਿੱਤੀ ਗਈ ਹੋਵੇ ਜਾਂ ਗਲਤ ਜਾਣਕਾਰੀ ਦਿੱਤੀ ਗਈ ਹੋਵੇ।

xi) ਸੰਬੰਧਿਤ ਕਾਢ ਬਾਰੇ ਕਿਸੇ ਸਥਾਨਿਕ ਜਾਂ ਸਵੈਦੇਸੀ ਬਰਾਦਰੀ ਕੋਲ ਜਾਂ ਕਿਧਰੇ ਹੋਰ ਮੌਖਿਕ ਜਾ ਕੋਈ ਹੋਰ ਪੂਰਵ ਜਾਣਕਾਰੀ ਹੋਵੇ।

## 20. ਭਾਰਤ ਵਿੱਚ ਪੇਟੈਂਟ ਲੈਣ ਲਈ ਕਿੰਨਾ ਖਰਚ ਆਉਂਦਾ ਹੈ?

ਭਾਰਤ ਵਿੱਚੋਂ ਪੇਟੈਂਟ ਲੈਣ ਲਈ ਹੇਠ ਲਿਖੀਆਂ ਮੁਖ ਫ਼ੀਸਾਂ ਹਨ।

| | | | ਦਫ਼ਤਰੀ ਫ਼ੀਸ | |
|---|---|---|---|---|
| ਕ੍ਰਮ ਨੰਬਰ | ਵਿਸ਼ਾ | ਸਮਾਂ ਸੀਮਾਂ ਅਤੇ ਹੋਰ ਸਰਤਾਂ | ਦਫ਼ਤਰੀ ਫ਼ੀਸ ਵਿਅਕਤੀਗਤ ਲਈ (ਰੁ.) | ਸੰਸਥਾ ਲਈ (ਰੁਪਏ) |
| 1. | ਆਰਜੀ ਜਾਂ ਮੁਕੰਮਲ ਵੇਰਵੇ ਨਾਲ ਦਰਖਾਸਤ ਦਾਖਲ ਕਰਨਾ | ਵੱਧ ਤੋਂ ਵੱਧ 30 ਸਫ਼ੇ ਅਤੇ ਵੱਧ ਤੋਂ ਵੱਧ 10 ਦਾਅਵੇ (Claims) | 1000/- | 4000/- |
| | | ਹਰੇਕ ਵਾਧੂ ਸਫ਼ੇ ਲਈ | 100/- | 400/- |
| | | ਹਰੇਕ ਵਾਧੂ ਦਾਅਵੇ ਲਈ | 200/- | 800/- |
| 2. | ਪੇਟੈਂਟ ਲੈਣ ਲਈ ਦਸਤਾਵੇਜ ਨਿਰੀਖਣ | | 2500/- | 10,000/- |
| 3. | ਛੇਤੀ ਪ੍ਰਕਾਸ਼ਨ ਲਈ ਫੀਸ | | 2500/- | 10,000/- |
| 4. | ਪੇਟੈਂਟ ਨਵਿਆਉਣ ਲਈ ਫੀਸ | 2 ਤੋਂ 6ਵਾਂ ਸਾਲ (ਪ੍ਰਤੀਸਾਲ)<br>7ਵੇ ਤੋਂ 10ਵਾ ਸਾਲ (“ ”)<br>11ਵੇ ਤੋਂ 15ਵਾਂ ਸਾਲ (“ ”)<br>16ਵੇ ਤੋਂ 20ਵਾਂ ਸਾਲ (“ ”) | 500/-<br>1500/-<br>3000/-<br>5000/- | 2000/-<br>6000/-<br>12,000/-<br>20,000/- |

## 21. ਪੇਟੈਂਟ-ਸ਼ੁਦਾ ਅਤੇ ਵਿਹਾਰਕ ਜਾਣਕਾਰੀ (ਨੋ-ਹਾਓ) ਵਿੱਚ ਕੀ ਅੰਤਰ ਹੈ?

ਕਾਨੂੰਨੀ ਤੌਰ ਤੇ ਇਹ ਲੋੜੀਂਦਾ ਨਹੀਂ ਕਿ ਪੇਟੈਂਟ ਸਪੈਸੀਫਿਕੇਸ਼ਨ ਵਿੱਚ ਪ੍ਰਗਟ ਕੀਤੀ ਗਈ ਸੂਚਨਾ ਐਨੀ ਜ਼ਿਆਦਾ ਹੋਵੇ ਕਿ ਕਾਢ ਦਾ ਵਪਾਰਕ ਸੋਸ਼ਣ ਹੋ ਸਕੇ। ਇਸਲਈ, ਪੇਟੈਂਟ ਵਿੱਚ ਆਮ ਤੌਰ ਤੇ ਵਪਾਰੀਕਰਣ ਵਾਸਤੇ ਸੰਤੋਸ਼ਜਨਕ ਸੂਚਨਾ ਉਪਲੱਬਧ ਨਹੀਂ ਹੁੰਦੀ।

ਵਿਹਾਰਕ ਜਾਣਕਾਰੀ (ਨੋ-ਹਾਓ) ਦੇ ਵਿੱਚ ਕਾਢ ਦੇ ਵਪਾਰੀਕਰਣ ਵਾਸਤੇ ਹਰ ਤਰ੍ਹਾਂ ਦੀ ਜ਼ਰੂਰੀ ਸੂਚਨਾ ਉਪਲੱਬਧ ਹੁੰਦੀ ਹੈ ਜਿਵੇਂ ਉਤਪਾਦਨ ਦਾ ਕੋਈ ਪਲਾਂਟ ਲਾਉਣਾ। ਅਜਿਹੀ ਸੂਚਨਾ ਵਿੱਚ ਜੋ ਕੁੱਝ ਸ਼ਾਮਲ ਹੋਏਗਾ ਉਸ ਦੀ ਉਦਾਹਰਣ ਇਹ ਹੈ, ਉਤਪਾਦਨ ਢੰਗਾਂ ਦੇ ਵੇਰਵੇ, ਡਿਜ਼ਾਈਨ ਦੇ ਡਰਾਇੰਗ, ਕਾਰਜਕਾਰੀ ਸਥਿਤੀਆਂ ਆਦਿ। ਜਦੋਂ ਤਕਨੋਲੋਜੀ ਟਰਾਂਸਫਰ ਕੀਤੀ ਜਾਂਦੀ ਹੈ ਤਾਂ ਇਸ ਵਿਹਾਰਕ ਜਾਣਕਾਰੀ ਦਾ ਹੀ ਵਪਾਰ ਹੁੰਦਾ ਹੈ। ਨੋ ਹਾਓ ਨੂੰ ਆਮ ਤੌਰ ਤੇ ਵਪਾਰਕ ਭੇਦ ਦੇ ਤੌਰ ਤੇ ਹੀ ਰੱਖਿਆ ਜਾਂਦਾ ਹੈ ਤੇ ਇਹ ਜਨਤਕ ਤੌਰ ਤੇ ਸਾਝਾਂ ਨਹੀਂ ਕੀਤਾ ਜਾਂਦਾ। ਇਸ ਦਾ ਆਮ ਤੌਰ ਤੇ ਪੇਟੈਂਟ ਨਹੀਂ ਲਿਆ ਜਾਂਦਾ ਕਿਉਂ ਕਿ ਇਸ ਦੀ ਬਹੁਤੀ ਜਾਣਕਾਰੀ ਜਾਂ ਤਾਂ ਪੇਟੈਂਟ ਹੋਣ ਯੋਗ ਨਹੀਂ ਹੁੰਦੀ ਜਾਂ ਜਨਤਕ

ਤੌਰ ਤੇ ਖੁਲਾਸਾ ਨਾ ਕਰਨ ਲਈ ਇਸ ਲਈ ਪੇਟੈਂਟ ਨਹੀਂ ਲਿਆ ਜਾਂਦਾ। ਕਿਸੇ ਪੂਰਵ ਪੇਟੈਂਟ ਦੇ ਖੇਤਰ ਦੁਆਲੇ ਹੀ ਵਿਕਸਿਤ ਕੀਤਾ ਗਿਆ ਨੋ ਹਾਓ ਅਤੇ ਫੇਰ ਪੇਟੈਂਟ ਧਾਰਕ ਦੀ ਸਹਿਮਤੀ ਤੋਂ ਬਿਨਾਂ ਉਸ ਦਾ ਵਪਾਰੀਕਰਨ ਕਰਨਾ, ਪੇਟੈਂਟ ਦੀ ਉਲੰਘਣਾ ਹੈ।

## 22. ਕੀ ਇੱਕ ਮੁਲਕ ਵਿੱਚ ਮਨਜੂਰ ਪੇਟੈਂਟ ਦੂਜੇ ਮੁਲਕਾਂ ਵਿੱਚ ਵੀ ਲਾਗੂ ਕੀਤਾ ਜਾ ਸਕਦਾ ਹੈ?

ਵਿਸ਼ਵ ਪੇਟੈਂਟ ਜਾਂ ਸੰਸਾਰ ਪੇਟੈਂਟ ਵਰਗੀ ਕੋਈ ਵਿਵਸਥਾ ਨਹੀਂ ਹੈ। ਪੇਟੈਂਟ ਅਧਿਕਾਰ ਪ੍ਰਕਿਰਤੀ ਪੱਖੋਂ ਲਾਜ਼ਮੀ ਤੌਰ ਤੇ ਖੇਤਰੀ ਹਨ ਅਤੇ ਇਹਨਾਂ ਦੀ ਸੁਰੱਖਿਆ ਉਸੇ ਹੀ ਮੁਲਕ ਜਾਂ ਮੁਲਕਾਂ ਵਿੱਚ ਕੀਤੀ ਜਾਂਦੀ ਹੈ ਜਿਸ ਨੇ ਜਾਂ ਜਿਹਨਾਂ ਨੇ ਉਹਨਾਂ ਨੂੰ ਮਨਜ਼ੂਰੀ ਦਿੱਤੀ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਆਖ ਸਕਦੇ ਹਾਂ ਕਿ ਵਿਭਿੰਨ ਮੁਲਕਾਂ ਵਿੱਚ ਪੇਟੈਂਟ ਲੈਣ ਲਈ, ਉਹਨਾਂ ਸਾਰੇ ਹੀ ਮੁਲਕਾਂ ਵਿੱਚ ਪੇਟੈਂਟ ਦਰਖਾਸਤਾਂ ਦੇਣੀਆਂ ਪੈਣਗੀਆਂ। ਸਰਕਾਰੀ ਫੀਸ਼ ਅਤੇ ਹੋਰ ਸਬੰਧਿਤ ਖਰਚੇ ਜਿਵੇਂ ਕਿ ਅਟਾਰਨੀ ਦੀ ਫੀਸ ਆਦਿ ਹੈ, ਕਿਸੇ ਵੀ ਮੁਲਕ ਵਿੱਚ ਵੱਖ-ਵੱਖ ਪੇਟੈਂਟ ਲੈਣ ਲਈ ਭਰਨੇ ਲਾਜ਼ਮੀ ਹਨ। ਬੇਸ਼ੱਕ ਕਈ ਥਾਵਾਂ ਤੇ ਖੇਤਰੀ ਪੇਟੈਂਟ ਪ੍ਰਣਾਲੀਆਂ ਕੰਮ ਕਰਦੀਆਂ ਹਨ ਜਿਹਨਾਂ ਤਹਿਤ ਇੱਕ ਦਰਖਾਸ਼ਤ ਦਾਇਰ ਕਰ ਦੇਣ ਨਾਲ ਉਸ ਖੇਤਰੀ ਪ੍ਰਣਾਲੀ ਦੇ ਮੈਂਬਰ ਮੁਲਕਾਂ ਵਿੱਚ ਵੀ ਪੇਟੈਂਟ ਮਿਲ ਜਾਂਦਾ ਹੈ, ਅਜਿਹੀ ਪ੍ਰਣਾਲੀ ਦਾ ਇੱਕ ਉਦਾਹਰਣ ਹੈ - ਯੂਰਪੀਨ ਪੇਟੈਂਟ ਆਫਿਸ।

## 23. ਕੀ ਕਿਸੇ ਇੱਕ ਦੇਸ ਵਿੱਚ ਪੇਟੈਂਟ ਦੀ ਮਨਜ਼ੂਰੀ ਕਿਸੇ ਦੂਜੇ ਦੇਸ਼ ਵਿੱਚ ਉਸ ਪੇਟੈਂਟ ਨੂੰ ਮਨਜੂਰੀ ਦੇਣ ਜਾਂ ਖਾਰਜ ਕਰਨ ਨੂੰ ਪ੍ਰਭਾਵਿਤ ਕਰਦੀ ਹੈ?

ਹਰੇਕ ਦੇਸ਼ ਪੇਟੈਂਟ ਲੈਣ ਲਈ ਦਿੱਤੀ ਦਰਖਾਸ਼ਤ ਨੂੰ ਉੱਥੇ ਦੇ ਕਾਨੂੰਨ ਅਨੁਸਾਰ ਪੇਟੈਂਟ ਦਫ਼ਤਰ ਦੁਆਰਾ ਕੀਤੇ ਗਏ ਨਿਰੀਖਣ ਰਾਹੀ, ਉਸਨੂੰ ਮਨਜੂਰ ਜਾਂ ਰੱਦ ਕਰਨ ਲਈ ਸੁਤੰਤਰ ਹੈ। ਇਸ ਦਾ ਮਤਲਬ ਇਹ ਹੈ ਕਿ ਇੱਕ ਦੇਸ ਵਜੋਂ ਮਨਜੂਰ ਕੀਤਾ ਪੇਟੈਂਟ ਇਹ ਗਰੰਟੀ ਨਹੀਂ ਦਿੰਦਾ ਹੈ ਉਸੇ ਕਾਢ ਲਈ ਕੋਈ ਹੋਰ ਦੇਸ਼ ਵੀ ਉਸ ਦਾ ਪੇਟੈਂਟ ਮਨਜ਼ੂਰ ਕਰ ਲਵੇਗਾ।

ਇਸੇ ਪ੍ਰਕਾਰ ਕਿਸੇ ਕਾਢ ਲਈ ਜੇ ਕੋਈ ਦੇਸ਼ ਪੇਟੈਂਟ ਰੱਦ ਕਰ ਦਿੰਦਾ ਹੈ ਤਾਂ ਇਸ ਤੋਂ ਇਹ ਭਾਵ ਨਹੀਂ ਸਮਝਣਾ ਚਾਹੀਦਾ ਕਿ ਹਰੇਕ ਦੇਸ਼ ਉਸ ਕਾਢ ਲਈ ਪੇਟੈਂਟ ਰੱਦ ਕਰ ਦੇਵੇਗਾ।

## 24. ਮੇਲ ਬੌਕਸ ਵਿਵਸਥਾ ਕੀ ਹੈ?

ਟਰਿਪਸ (TRIPS) ਅਨੁਸਾਰ ਉਹ ਮੁਲਕ ਜਿਹੜੇ ਦਵਾਈਆਂ (ਫਾਰਮਾਸਿਊਟੀਕਲਜ਼) ਅਤੇ ਖੇਤੀ ਰਸਾਇਣ (ਐਗਰੋਕੈਮੀਕਲਜ਼) ਉਤਪਾਦਾਂ ਦੇ ਪੇਟੈਂਟ ਨਹੀਂ ਦਿੰਦੇ1 ਜਨਵਰੀ 1995 ਤੋਂ ਉਹਨਾਂ ਨੂੰ ਉਤਪਾਦ ਪੇਟੈਂਟ ਦਰਖਾਸਤਾਂ ਲੈਣ ਕਰਨ ਲਈ ਕੋਈ ਵਿਵਸਥਾ ਪੈਦਾ ਕਰਨੀ ਪਏਗੀ। ਰਾਸ਼ਟਰੀ ਪੇਟੈਂਟ ਕਾਨੂੰਨਾਂ ਵਿੱਚ ਢੁਕਵੀਆਂ ਤਰਮੀਮਾਂ ਕਰਨ ਦੇ ਬਾਅਦ ਹੀ ਅਜਿਹੀਆਂ ਦਰਖਾਸਤਾਂ ਉਤਪਾਦ ਪੇਟੈਂਟਾਂ ਦੀ ਮਨਜ਼ੂਰੀ ਵਾਸਤੇ ਵੀਚਾਰੀਆਂ ਜਾਣਗੀਆਂ। ਅਜਿਹੇ ਉਤਪਾਦਾਂ ਲਈ ਪੇਟੈਂਟ ਦਰਖਾਸਤਾਂ ਲੈਣ ਦੀ ਇਸ ਪ੍ਰਣਾਲੀ ਨੂੰ ਹੀ ਮੇਲ ਬੌਕਸ ਵਿਵਸਥਾ ਜਾਂ ਪ੍ਰਣਾਲੀ ਆਖਦੇ ਹਨ। ਭਾਰਤ ਵਿੱਚ ਪੇਟੈਂਟ ਕਾਨੂੰਨ ਦੀ ਸੋਧ 2005 ਅਨੁਸਾਰ, ਇਸ ਤਰ੍ਹਾਂ ਦੀਆਂ ਦਰਖਾਸਤਾਂ ਮਨਜ਼ੂਰ ਕੀਤੀਆਂ ਜਾਣ ਲੱਗ ਪਈਆਂ ਹਨ।

## 25. ਇਕਮਾਤਰ ਮੰਡੀਕਰਣ ਅਧਿਕਾਰ (Exclusive Marketing Rights) ਕੀ ਹਨ?

ਟਰਿਪਸ (TRIPS) ਦੀ ਸ਼ਰਤ ਹੈ ਕਿ ਡਬਲਯੂ.ਟੀ.ਓ. (WTO) ਦੇ ਮੈਂਬਰ ਜਿਹਨਾਂ ਦੇ ਕਾਨੂੰਨਾਂ ਵਿੱਚ ਡਰੱਗਜ਼, ਦਵਾਈਆਂ ਅਤੇ ਖੇਤੀ ਰਸਾਇਣ (ਐਗਰੋਕੈਮੀਕਲਜ਼) ਦੇ ਸਬੰਧੀ ਉਤਪਾਦ ਪੇਟੈਂਟ ਮਨਜ਼ੂਰ ਕਰਨ ਦੀ ਵਿਵਸਥਾ ਨਹੀਂ ਹੈ, ਤਾਂ ਉਹਨਾਂ ਮੁਲਕਾਂ ਨੂੰ ਅਜਿਹੇ ਉਤਪਾਦਾਂ ਵਾਸਤੇ ਇਕਮਾਤਰ ਮੰਡੀਕਰਣ ਅਧਿਕਾਰ ਨੂੰ ਲਾਗੂ ਕਰਨਾ ਜ਼ਰੂਰੀ ਹੈ ਜੇ ਉਹ ਹੇਠ ਲਿਖੇ ਨਿਯਮ ਜਾਂ ਸ਼ਰਤਾਂ ਪੂਰੀਆਂ ਕਰਦੇ ਹੋਣ।

1. ਪੇਟੈਂਟ ਦਰਖਾਸਤ ਕਿਸੇ ਨਵੀਂ ਡਰੱਗ ਜਾਂ ਐਗਰੋਕੈਮੀਕਲਜ ਦੇ ਵਾਸਤੇ ਡਬਲਯੂ.ਟੀ.ਓ. ਦੇ ਕਿਸੇ ਵੀ ਮੈਂਬਰ ਮੁਲਕ ਵਿੱਚ 1 ਜਨਵਰੀ 2005 ਤੋਂ ਬਾਅਦ ਦਰਜ ਹੋਈ ਹੋਣੀ ਚਾਹੀਦੀ ਹੈ।
2. ਕਿਸੇ ਵੀ ਮੈਂਬਰ ਮੁਲਕ ਵਿੱਚ 1 ਜਨਵਰੀ 1995 ਤੋਂ ਬਾਅਦ ਉਤਪਾਦ ਤੇ ਪੇਟੈਂਟ ਲਿਆ ਜਾ ਚੁੱਕਿਆ ਹੋਵੇ। (ਜਿਹੜਾ ਡਰੱਗਜ਼ ਅਤੇ ਐਗਰੋਕੈਮੀਕਲਜ਼ ਬਾਰੇ ਉਤਪਾਦ ਪੇਟੈਂਟ ਦਿੰਦਾ ਹੋਵੇ)
3. ਕਿਸੇ ਵੀ ਮੈਂਬਰ ਮੁਲਕ ਵਿੱਚ ਮੰਡੀਕਰਣ ਲਈ ਮਨਜ਼ੂਰੀ ਲੈ ਲਈ ਗਈ ਹੋਵੇ ਅਤੇ
4. ਜਿਸ ਮੁਲਕ ਵਿੱਚ ਇਕਮਾਤਰ ਮੰਡੀਕਰਣ ਅਧਿਕਾਰ ਚਾਹੀਦਾ ਹੈ,1 ਜਨਵਰੀ 1995 ਤੋਂ ਬਾਅਦ ਉਸ ਮੁਲਕ ਵਿੱਚ ਉਸ ਉਤਪਾਦ ਦੇ ਪੇਟੈਂਟ ਲਈ ਦਰਖਾਸਤ ਦਰਜ ਕਰਵਾਈ ਹੋਵੇ।

5. ਇਕਮਾਤਰ ਮੰਡੀਕਰਣ ਅਧਿਕਾਰ ਲੈਣ ਦੇ ਚਾਹਵਾਨ ਦਰਖਾਸਤਕਰਤਾ ਨੂੰ ਨਿਧਾਰਤ ਫ਼ਾਰਮ ਉੱਤੇ ਲੋੜੀਂਦੀ ਫੀਸ ਭਰਕੇ ਦਰਖਾਸਤ ਕਰਨੀ ਚਾਹੀਦੀ ਹੈ।

ਇਕਮਾਤਰ ਮੰਡੀਕਰਣ ਅਧਿਕਾਰ ਸਿਰਫ਼ ਉਤਪਾਦ ਦੇ ਵਿਸ਼ੇਸ਼ ਮੰਡੀਕਰਣ ਵਾਸਤੇ ਹੀ ਅਧਿਕਾਰ ਹੈ ਅਤੇ ਪੇਟੈਂਟ ਅਧਿਕਾਰ ਨਾਲੋਂ ਬਿਲਕੁੱਲ ਭਿੰਨ ਹੈ। ਇਹ ਵੱਧ ਤੋਂ ਵੱਧ5 ਸਾਲ ਦੇ ਸਮੇਂ ਲਈ ਪ੍ਰਮਾਣਿਕ ਹੈ ਜਾਂ ਉਸ ਸਮੇਂ ਤੱਕ ਜਦੋਂ ਤੱਕ ਉਤਪਾਦ ਪੇਟੈਂਟ ਕਾਨੂੰਨ ਲਾਗੂ ਨਹੀਂ ਹੁੰਦੇ। ਭਾਰਤ ਵਿੱਚ ਉਤਪਾਦ ਪੇਟੈਂਟ, ਪੇਟੈਂਟ ਐਕਟ ਸੋਧ,2005 ਅਨੁਸਾਰ 1 ਜਨਵਰੀ, 2005 ਤੋਂ ਮਨਜ਼ੂਰ ਹੋਣ ਲੱਗ ਪਏ ਹਨ । ਇਸ ਲਈ ਭਾਰਤ ਵਿੱਚ ਹੁਣ ਇੱਕ ਮਾਤਰ ਮੰਡੀਕਰਣ ਅਧਿਕਾਰ ਵਿਵਸਥਾ ਨਹੀਂ ਹੈ।

## 26. ਕੀ ਇਕਮਾਤਰ ਮੰਡੀਕਰਣ ਅਧਿਕਾਰ ਦੇਣ ਦੀ ਭਾਰਤ ਵਿੱਚ ਵਿਵਸਥਾ ਹੈ?

ਹਾਂ। ਪੇਟੈਂਟ ਐਕਟ 1970 ਵਿੱਚ ਕੀਤੀ ਗਈ ਲੋੜੀਂਦੀ ਜ਼ਰੂਰੀ ਤਰਮੀਮ ਜੋ 26 ਮਾਰਚ 1999 ਨੂੰ ਲਾਗੂ ਹੋ ਗਈ ਸੀ, ਤਹਿਤ ਇਕਮਾਤਰ ਮੰਡੀਕਰਣ ਅਧਿਕਾਰ ਦੇਣ ਦੀ ਵਿਵਸਥਾ ਸੀ। ਇਹ ਵਿਵਸਥਾ ਪਿਛਲੇ ਸਮੇਂ ਤੋਂ 1 ਜਨਵਰੀ 1995 ਤੋਂ ਅਮਲ ਵਿੱਚ ਆਈ ਸੀ। ਪਰ ਹੁਣ ਇਹ ਵਿਵਸਥਾ ਪੇਟੈਂਟ ਐਕਟ ਸੋਧ,2005 ਰਾਹੀਂ ਖ਼ਤਮ ਕਰ ਦਿੱਤੀ ਗਈ ਹੈ।

## 27. ਸੱਨਅਤੀ ਸੰਪਤੀ ਕੀ ਹੁੰਦੀ ਹੈ?

ਸੱਨਅਤੀ ਸੰਪਤੀ ਵਿੱਚ ਸ਼ਾਮਲ ਹਨ:

❖ ਪੇਟੈਂਟ

❖ ਉਪਯੋਗਤਾ ਮਾਡਲ

❖ ਸੱਨਅਤੀ ਡਿਜ਼ਾਈਨ

❖ ਵਪਾਰਕ ਚਿੰਨ, ਸਰਵਿਸ ਮਾਰਕ ਅਤੇ ਵਪਾਰਕ ਨਾਮ

❖ ਸਰੋਤ ਦੇ ਸੰਕੇਤ ਜਾਂ ਉਤਪਤੀ ਦੇ ਨਾਂਵ (ਇਹ ਭੂਗੋਲਿਕ ਸੰਕੇਤਾਂ ਦੀ ਤਰਾਂ ਹੀ ਹਨ-ਜਿਹੜੇ ਟਰਿਪੱਸ (TRIPS) ਵਿੱਚ ਅਪਣਾਏ ਗਏ)

(ਪਾਠਕ ਨੋਟ ਕਰਨ ਕਿ ਸਨੱਅਤੀ ਸੰਪਤੀ ਅਤੇ ਬੌਧਿਕ ਸੰਪਤੀ ਵੱਖ-ਵੱਖ ਵਾਕੰਸ਼ ਹਨ)

## 28. ਪੈਰਿਸ ਕਨਵੈਨਸ਼ਨ ਕੀ ਹੈ?

ਪੈਰਿਸ ਕਨਵੈਨਸ਼ਨ ਮੈਂਬਰ ਮੁਲਕਾਂ ਦਰਮਿਆਨ ਵਪਾਰ ਨੂੰ ਉਤਸਾਹਿਤ ਕਰਨ ਲਈ, ਬਿਨਾਂ ਪਹਿਲ ਦੀ ਤਾਰੀਖ ਵਿੱਚ ਕੋਈ ਨੁਕਸਾਨ ਉਠਾਇਆ, ਇੱਕੋਵਾਰੀ ਮੈਂਬਰ ਮੁਲਕਾਂ ਵਿੱਚ ਸੱਨਅਤੀ ਸੰਪਤੀ ਦੀ ਸੁਰੱਖਿਆ, ਲਈ ਬਣਾਈ ਗਈ ਇੱਕ ਅੰਤਰਰਾਸ਼ਟਰੀ ਕਨਵੈਨਸ਼ਨ ਹੈ। ਇਸ ਦੇ ਸਾਰੇ ਮੈਬਰ ਮੁਲਕ, ਹੋਰਨਾਂ ਮੈਂਬਰ ਮੁਲਕਾਂ ਵੱਲੋਂ ਸੱਨਅਤੀ ਸੰਪਤੀ ਅਧਿਕਾਰਾਂ ਬਾਰੇ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ ਨੂੰ ਰਾਸ਼ਟਰੀ ਵਿਹਾਰ ਕਰ ਕੇ ਹੀ ਨਿਪਟਾਉਂਦੇ ਹਨ। ਕਨਵੈਨਸ਼ਨ ਪਹਿਲੀ ਵਾਰ 1883 ਵਿੱਚ ਸਹੀ ਬੰਦ ਕੀਤੀ ਗਈ ਸੀ। ਉਸ ਤੋਂ ਬਾਅਦ ਇਸ ਵਿੱਚ ਕਈ ਵਾਰੀ ਸੁਧਾਰ ਕੀਤੇ ਗਏ ਹਨ, ਜਿਵੇਂ ਬਰੁਸੈਲਜ਼ ਵਿਖੇ 1900 ਵਿੱਚ, ਵਾਸ਼ਿੰਗਟਨ ਵਿਖੇ 1911 ਵਿੱਚ, ਹੇਗ ਵਿਖੇ 1925 ਵਿੱਚ, ਲੰਦਨ ਵਿਖੇ1934 ਵਿੱਚ, ਲਿਸਬਾਨ ਵਿਖੇ 1958 ਵਿੱਚ ਅਤੇ ਸਟੋਕਹਾਮ ਵਿਖੇ 1967 ਵਿੱਚ ਅਤੇ ਆਖ਼ਰੀ ਤਰਮੀਮ 1979 ਵਿੱਚ ਕੀਤੀ ਗਈ ਸੀ। ਭਾਰਤ ਪੈਰਿਸ ਕਨਵੈਨਸ਼ਨ ਦਾ ਮੈਂਬਰ 7 ਦਸੰਬਰ 1998 ਨੂੰ ਬਣਿਆ ਸੀ।

## 29. ਪੈਰਿਸ ਕਨਵੈਨਸ਼ਨ ਦੇ ਪ੍ਰਮੁੱਖ ਲੱਛਣ ਕੀ ਹਨ?

ਪੈਰਿਸ ਕਨਵੈਨਸ਼ਨ ਦੇ ਪ੍ਰਮੁੱਖ ਲੱਛਣ ਹੇਠਾਂ ਸੂਚੀ-ਵੱਧ ਕੀਤੇ ਗਏ ਹਨ:-

1. ਰਾਸ਼ਟਰੀ ਵਰਤਾਓ

2. ਪਹਿਲ ਦਾ ਅਧਿਕਾਰ

3. ਪੇਟੈਂਟਾਂ ਦੀ ਸੁਤੰਤਰਤਾ

4. ਸਮਾਨੰਤਰ ਆਯਾਤ

5. ਗ਼ਲਤ ਸੰਕੇਤਾਂ ਅਤੇ ਅਣਉਚਿੱਤ ਮੁਕਾਬਲੇਬਾਜ਼ੀ ਵਿਰੁੱਧ ਸੁਰੱਖਿਆ

## 30. ਪੈਰਿਸ ਕਨਵੈਨਸ਼ਨ ਅਧੀਨ ਰਾਸਟਰੀ ਵਰਤਾਓ ਦਾ ਕੀ ਅਰਥ ਹੈ?

ਇਹ ਬਹੁਤ ਹੀ ਮਹੱਤਵਪੂਰਣ ਸੰਕਲਪ ਹੈ ਅਤੇ ਪੈਰਿਸ ਕਨਵੈਨਸ਼ਨ ਦੇ ਬੁਨਿਆਦੀ ਉਦੇਸ਼ਾਂ ਦੀ ਸਫ਼ਲਤਾਪੂਰਵਕ ਪ੍ਰਾਪਤੀ ਦੇ ਵਾਸਤੇ ਇਹ ਜ਼ਰੂਰੀ ਹੈ। ਇਸਦਾ ਮੂਲ ਵਿਚਾਰ ਇਹ ਹੈ ਕਿ ਕਿਸੇ ਵੀ ਮੁਲਕ ਵਿੱਚ ਮੈਂਬਰ ਮੁਲਕਾਂ ਦੇ ਦਰਖਾਸਤ ਦੇਣ ਵਾਲਿਆਂ ਨਾਲ ਬਰਾਬਰ ਦਾ ਸਲੂਕ ਕੀਤਾ ਜਾਏ। ਆਪਦੇ ਮੁਲਕ ਵਿੱਚ ਪੇਟੈਂਟ ਮਨਜ਼ੂਰ ਕਰਨ ਅਤੇ ਸੱਨਅਤੀ ਸੰਪਤੀ ਦੀ ਸੁਰੱਖਿਆ ਦੇਣ ਵਿੱਚ ਆਪਣੇ ਮੁਲਕ ਦੇ ਅਤੇ ਦੂਜੇ ਮੁਲਕਾਂ ਦੇ ਵਿਅਕਤੀਆਂ ਵਿੱਚ ਕੋਈ ਭੇਦ ਭਾਵ ਨਾ ਵਰਤਿਆ ਜਾਏ। ਮੰਨ ਲਵੋ ਕਿਸੇX ਮੁਲਕ ਦਾ ਨਾਗਰਿਕ ਭਾਰਤ ਵਿੱਚ ਪੇਟੈਂਟ ਦੀ ਮਨਜ਼ੂਰੀ ਲਈ ਦਰਖਾਸਤ ਦਿੰਦਾ ਹੈ। ਪੈਰਿਸ ਕਨਵੈਨਸ਼ਨ ਦੇ ਮੁਤਾਬਿਕ, ਭਾਰਤੀ ਪੇਟੈਂਟ ਦਫ਼ਤਰ ਕੂੰ ਉਪਰ ਉਹ ਹੀ ਨਿਯਮ ਅਤੇ ਸਿਧਾਂਤ ਲਾਗੂ ਕਰਨੇ ਚਾਹੀਦੇ ਹਨ, ਜਿਹੜੇ ਪੇਟੈਂਟ ਮਨਜ਼ੂਰ ਕਰਦਿਆਂ ਕਿਸੇ ਭਾਰਤੀ ਨਾਗਰਿਕ ਤੇ ਲਾਗੂ ਹੁੰਦੇ ਹਨ। ਏਸੇ ਹੀ ਤਰਾਂ ਭਾਰਤੀ ਨਾਗਰਿਕਾਂ ਉਪਰ ਲਾਈਆਂ ਗਈਆਂ ਪਾਬੰਦੀਆਂ, ਸ਼ਰਤਾਂ ਅਤੇ ਔਪਚਰਿਕਤਾਵਾਂ ਪੂਰੀਆਂ ਕਰਨ ਪਿੱਛੋਂ ਪੇਟੈਂਟ ਮਨਜ਼ੂਰ ਹੋ ਜਾਣ ਦੇ ਬਾਅਦ X ਨੂੰ ਉਸ ਦੇ ਪੇਟੈਂਟ ਦੀ ਉਲੰਘਣਾ ਲਈ, ਉਹ ਸਾਰੀਆਂ ਸੁਰੱਖਿਆਵਾਂ ਅਤੇ ਕਾਨੂੰਨੀ ਸਹੂਲਤਾਂ ਮੁਹੱਈਆ ਹੋਣਗੀਆਂ, ਜਿਹੜੀਆਂ ਕਿਸੇ ਵੀ ਭਾਰਤੀ ਨਾਗਰਿਕ ਨੂੰ ਉਪਲਬੱਧ ਹੋਣਗੀਆਂ।

## 31. ਤੁਸੀਂ ਪਹਿਲ ਦੇ ਅਧਿਕਾਰ ਤੋਂ ਕੀ ਸਮਝਦੇ ਹੋ ਅਤੇ ਇਸ ਦਾ ਕੀ ਮਹੱਤਵ ਹੈ?

ਕਿਸੇ ਮੁਲਕ ਵੱਲੋਂ ਸੱਨਅਤੀ ਸੰਪਤੀ ਅਧਿਕਾਰ ਇੱਕ ਮਿੱਥੀ ਮਿਆਦ ਲਈ ਮਨਜ਼ੂਰ ਕੀਤੇ ਜਾਂਦੇ ਹਨ। ਇਹ ਅਧਿਕਾਰ ਆਰੰਭ ਹੋਣ ਦੀ ਮਿਤੀ ਪੇਟੈਂਟ ਦਰਖਾਸਤ ਦਰਜ ਕਰਵਾਉਣ ਦੀ ਮਿਤੀ ਹੀ ਹੁੰਦੀ ਹੈ। ਦੂਜੇ ਮੈਂਬਰ ਮੁਲਕਾਂ ਵਿੱਚ ਅਧਿਕਾਰ ਪ੍ਰਾਪਤ ਕਰਨ ਲਈ ਜੇ ਉਸੇ ਹੀ ਤਰੀਖ ਤੋਂ ਅਧਿਕਾਰ ਲੈਣ ਦੀ ਇੱਛਾ ਹੋਵੇ ਤਾਂ ਮੈਂਬਰ ਮੁਲਕ ਵਿੱਚ ਦਰਖਾਸਤ ਉਸੇ ਹੀ ਤਾਰੀਖ ਨੂੰ ਦਰਜ ਕਰਵਾਉਣੀ ਜ਼ਰੂਰੀ ਹੈ ਭਾਵੇਂ ਇਸ ਤਰ੍ਹਾਂ ਕਰਨ ਵਿੱਚ ਕਈ ਅਮਲੀ ਮੁਸ਼ਕਲਾਂ ਆਉਂਦੀਆਂ ਹਨ। ਮੈਂਬਰ ਮੁਲਕਾਂ ਵਿੱਚ ਵੀ ਸੁਰੱਖਿਆ ਨੂੰ ਆਸਾਨ ਬਣਾਉਣ ਲਈ, ਕਨਵੈਨਸ਼ਨ ਵਿੱਚ ਦਰਜ ਹੈ ਕਿ ਆਪਣੇ ਮੁਲਕ ਵਿੱਚ ਦਰਖਾਸਤ ਦਰਜ ਕਰਵਾਉਣ ਦੇ 12 ਮਹੀਨਿਆਂ ਦੇ ਵਿੱਚ ਵਿੱਚ, ਜੇ ਮੈਂਬਰ ਮੁਲਕਾਂ ਵਿੱਚ ਵੀ ਦਰਖਾਸਤ ਦਰਜ ਕਰਵਾ ਦਿੱਤੀ ਜਾਵੇ ਅਤੇ ਜੇ ਮੈਂਬਰ ਮੁਲਕਾਂ ਵਿੱਚ ਪੇਟੈਂਟ ਮਨਜ਼ੂਰ ਕਰ ਲਏ ਜਾਂਦੇ ਹਨ ਤਾਂ ਉਸਦੀ ਸੁਰੱਖਿਆ ਅਧਿਕਾਰ ਆਪਣੇ (ਪਹਿਲੇ) ਮੁਲਕ ਵਿੱਚ ਪੇਟੈਂਟ ਦਰਖਾਸਤ ਦਰਜ ਕਰਵਾਉਣ ਦੀ ਮਿਤੀ ਤੋਂ ਲਾਗੂ ਹੋਣਗੇ। ਇਸ ਅਧਿਕਾਰ ਨੂੰ 'ਪਹਿਲ ਦਾ ਅਧਿਕਾਰ' ਜਾਂ 'ਤਰਜੀਹੀ ਅਧਿਕਾਰ' ਆਖਦੇ ਹਨ। ਇਸ ਤਰ੍ਹਾਂ ਕਰਨ ਨਾਲ ਪੂਰਵ ਤਾਰੀਖ ਰਾਖਵੀ ਹੋ ਜਾਂਦੀ ਹੈ।

ਪੇਟੈਂਟ ਦਰਖਾਸਤ ਤੇ ਮੁੜ ਵਿਚਾਰ ਕਰਦਿਆਂ ਜੇ ਦਰਖਾਸਤ ਕਰਤਾ ਇਹ ਸੋਚਦਾ ਹੈ ਕਿ ਪੇਟੈਂਟ ਵਿੱਚ ਇੱਕ ਤੋਂ ਵੱਧ ਕਾਂਢਾਂ ਹਨ ਜਾਂ ਆਪਣੀ ਮਰਜੀ ਨਾਲ ਉਹ ਦਰਖਾਸਤ ਨੂੰ ਵੰਡਣਾ ਚਾਹੁੰਦਾ ਹੈ ਤਾਂ ਉਹ ਬਾਅਦ ਵਿੱਚ ਪੇਟੈਂਟ ਲੈਣ ਲਈ ਦਿੱਤੀਆਂ ਦਰਖਾਸਤਾਂ ਵਾਸਤੇ ਵੀ ਪਹਿਲੀ ਤਾਰੀਖ ਦਾ ਹੀ ਦਾਅਵਾ ਕਰ ਸਕਦਾ ਹੈ। ਆਪਣੀ ਮਰਜੀ ਨਾਲ ਦਰਖਾਸਤ ਕਰਤਾ ਆਪਣੀ ਪੇਟੈਂਟ ਦਰਖਾਸਤ ਨੂੰ ਵੰਡ ਸਕਦਾ ਹੈ ਅਤੇ ਹਰ ਦਰਖਾਸਤ ਦੇ ਹਰ ਭਾਵ (ਵੰਡ) ਲਈ ਅਤੇ ਸੰਪਤੀ ਦੇ ਅਧਿਕਾਰ ਦੇ ਲਾਭ ਵਾਸਤੇ ਆਪਣੀ ਮੁੱਢਲੀ ਦਰਖਾਸਤ ਦੀ ਤਾਰੀਖ ਹੀ ਬਰਕਰਾਰ ਰੱਖ ਸਕਦਾ ਹੈ। ਸੰਗਠਨ ਦਾ ਹਰ ਮੁਲਕ ਇਹ ਅਧਿਕਾਰ ਰੱਖਦਾ ਹੈ ਕਿ ਦਰਖਾਸਤ ਦੀ ਇਸ ਤਰ੍ਹਾਂ ਵੰਡ ਕਰਨ ਦਾ ਹੱਕ ਦੇਣ ਲਈ ਸ਼ਰਤਾਂ ਨਿਰਧਾਰਤ ਕੀਤੀਆਂ ਜਾਣ।

ਪਹਿਲ ਦੀ ਤਰਜੀਹ ਦੇਣ ਤੋਂ ਇਸ ਆਧਾਰ ਤੇ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਸ ਮੁਲਕ ਵਿੱਚ ਪਹਿਲਾਂ ਇਹ ਦਰਖਾਸਤ ਦਿੱਤੀ ਗਈ ਸੀ ਉਸ ਦੇ ਮੂਲ ਰੂਪ ਵਿੱਚ ਕਾਢ ਦੇ ਕੁੱਝ ਉਹ ਅੰਸ਼ ਇਸ ਵਿੱਚ ਸ਼ਾਮਲ ਨਹੀਂ ਹਨ ਜਿਹੜੇ ਹੁਣ ਇਸ ਦਰਖਾਸਤ ਵਿੱਚ ਦਰਜ ਕਰ ਦਿੱਤੇ ਗਏ ਹਨ। ਬਸ਼ਰਤੇ ਮੌਜੂਦਾ ਦਰਖਾਸਤੀ ਦਸਤਾਵੇਜ ਸਮੁੱਚੇ ਤੌਰ ਤੇ ਅਜਿਹੇ ਖਾਸ ਅੰਸ਼ਾਂ ਨੂੰ ਪ੍ਰਗਟਾਉਂਦਾ ਹੋਵੇ।

## 32. ਕਨਵੈਨਸ਼ਨ ਅਧੀਨ ਪੇਟੈਂਟ ਦੀ ਕਾਰਗੁਜਾਰੀ ਦੇ ਸੰਬੰਧ ਵਿੱਚ ਆਯਾਤ ਦਾ ਕੀ ਭਾਵ ਹੈ?

ਆਯਾਤ ਨੂੰ ਪੇਟੈਂਟ ਦੀ ਕਾਰਗੁਜਾਰੀ ਸਮਝਿਆ ਜਾਂਦਾ ਹੈ, ਬਸਰਤੇ ਪੇਟੈਂਟ ਹੋਇਆ ਉਤਪਾਦ ਇੱਕ ਮੈਂਬਰ ਮੁਲਕ ਵਿੱਚ ਨਿਰਮਾਣ ਕੀਤਾ ਗਿਆ ਹੋਵੇ ਅਤੇ ਕਿਸੇ ਦੂਜੇ ਮੈਂਬਰ ਮੁਲਕ ਵਿੱਚ ਆਯਾਤ ਕੀਤਾ ਗਿਆ ਹੋਵੇ, ਜਿਸ ਮੁਲਕ ਨੇ ਉਸੇ

ਹੀ ਦਰਖਾਸਤ ਕਰਤਾ ਨੂੰ ਉਸੇ ਹੀ ਕਾਢ ਤੇ ਪੇਟੈਂਟ ਮਨਜੂਰ ਕੀਤਾ ਹੋਵੇ। ਮੰਨ ਲਵੋ ਉਤਪਾਦX ਦੋ ਮੈਂਬਰ ਮੁਲਕਾਂ A ਅਤੇ B ਵਿੱਚ ਪੇਟੈਂਟ ਹੋ ਗਿਆ ਹੈ। ਫੇਰ ਉਤਪਾਦ X ਮੁਲਕ A ਵਿੱਚ ਨਿਰਮਾਣ ਹੁੰਦਾ ਹੈ ਅਤੇ ਮੁਲਕ B ਵਿੱਚ ਆਯਾਤ ਹੁੰਦਾ ਹੈ। ਇਹ ਉਤਪਾਦ X ਭਾਵੇਂ ਮੁਲਕ A ਵਿੱਚ ਨਿਰਮਾਣ ਹੋਇਆ ਹੈ, ਪਰ ਮੁਲਕ B ਵਿੱਚੋਂ ਵੀ ਉਹੀ ਸਾਰੀਆਂ ਸੁਰੱਖਿਆਵਾਂ ਦਾ ਹੱਕਦਾਰ ਹੋਏਗਾ। ਇਹ ਵੀ ਸਮਝਿਆ ਜਾਏਗਾ ਜਿਵੇਂ ਪੇਟੈਂਟ ਮੁਲਕ B ਵਿੱਚ ਵੀ ਨਿਰਮਾਣ ਹੁੰਦਾ ਹੈ।

## 33. ਕੀ ਪੈਰਿਸ ਕਨਵੈਨਸ਼ਨ ਵਿੱਚ ਲਾਜਮੀ ਲਾਈਸੈਂਸ ਦੀ ਵਿਵਸਥਾ ਹੈ?

ਹਾਂ, ਪੇਟੈਂਟ ਰਾਹੀਂ ਮਿਲਣ ਵਾਲੇ ਨਿਰੋਲ ਅਧਿਕਾਰਾਂ ਦੀ ਦੁਰਵਰਤੋਂ ਰੋਕਣ ਲਈ ਹਰ ਮੈਂਬਰ ਮੁਲਕ ਨੂੰ ਲਾਜ਼ਮੀ ਲਾਈਸੈਂਸ ਮਨਜੂਰ ਕਰਨ ਦਾ ਅਧਿਕਾਰ ਹੋਏਗਾ। ਕਾਢ ਦੇ ਕੰਮ ਕਰਨ ਵਿੱਚ ਨਾਕਾਮ ਹੋਣ ਜਾਂ ਨਾਕਾਫ਼ੀ ਕੰਮ ਕਰਨ ਲਈ, ਲਾਜ਼ਮੀ ਲਾਈਸੈਂਸ ਲਈ ਉਦੋਂ ਤੱਕ ਬੇਨਤੀ ਨਹੀਂ ਕੀਤੀ ਜਾ ਸਕਦੀ ਜਿੰਨੀ ਦੇਰ ਤੱਕ ਨਾਕਾਮੀ ਦਾ ਸਮਾਂ ਜਾਂ ਨਾ ਕਾਫੀ ਕੰਮ ਕਰਨ ਦਾ ਸਮਾਂ ਖ਼ਤਮ ਨਹੀਂ ਹੋ ਜਾਂਦਾ। ਇਹ ਸਮਾਂ ਸੀਮਾ ਪੇਟੈਂਟ ਦਰਖਾਸਤ ਦੇਣ ਦੀ ਮਿਤੀ ਤੋਂ4 ਸਾਲ ਹੈ ਜਾਂ ਮਨਜੂਰ ਹੋਣ ਦੀ ਮਿਤੀ ਤੋਂ 3 ਸਾਲ ਹੈ। ਅਜਿਹੇ ਲਾਈਸੈਂਸ ਗੈਰ-ਰਾਖਵੇਂ (non-exclusive) ਅਤੇ ਗੈਰ-ਹਸਤਾਂਤਰਣ (non-transferable) ਹੋਣਗੇ।

## 34. ਕੀ ਪੈਰਿਸ ਕਨਵੈਨਸ਼ਨ ਅਤੇ ਟਰਿਪਸ (TRIPS) ਸਮਝੌਤੇ ਵਿੱਚ ਕੋਈ ਸਬੰਧ ਹੈ?

ਟਰਿਪਸ ਸਮਝੌਤੇ ਦੇ ਮੈਂਬਰਾਂ ਲਈ ਪੈਰਿਸ ਕਨਵੈਨਸ਼ਨ ਦੀ ਧਾਰਾ ਤੋਂ 1 ਤੋਂ 12 ਅਤੇ ਧਾਰਾ 19 ਨੂੰ ਮੰਨਣਾ ਲਾਜ਼ਮੀ ਕਰ ਦਿੱਤਾ ਗਿਆ ਹੈ।

## 35. ਪੈਰਿਸ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਦੇ ਹੋਰ ਕੀ ਲਾਭ ਹਨ?

ਬਹੁਤ ਸਾਰੀਆਂ ਅੰਤਰਰਾਸ਼ਟਰੀ ਕਨਵੈਨਸ਼ਨਾਂ ਅਤੇ ਸੰਧੀਆਂ ਅਜਿਹੀਆਂ ਹਨ ਜਿਹਨਾਂ ਵਿੱਚ ਸਿਰਫ ਪੈਰਿਸ ਕਨਵੈਨਸ਼ਨ ਦੇ ਮੈਂਬਰ ਹੀ ਜਾ ਸਕਦੇ ਹਨ। ਉਹਨਾਂ ਵਿੱਚੋਂ ਕੁੱਝ ਇਹ ਹਨ।

- ✡ ਪੇਟੈਂਟ ਸਹਿਯੋਗ ਸੰਧੀ (ਪੀ.ਸੀ.ਟੀ.)
- ✡ ਬੁਡਾਪੈਸਟ ਸੰਧੀ (ਸੂਖਮ ਜੀਵਾਂ ਦੇ ਭੰਡਾਰਣ ਲਈ)
- ✡ ਯੂ.ਪੀ.ਓ.ਵੀ. (ਪੌਦਿਆਂ ਦੀਆਂ ਨਵੀਨ ਕਿਸਮਾਂ ਦੀ ਸੁਰੱਖਿਆ ਲਈ)
- ✡ ਮੈਡਰਿਡ ਸਮਝੌਤਾ (ਵਸਤੂਆਂ ਦੇ ਸਰੋਤਾਂ ਬਾਰੇ ਗ਼ਲਤ ਜਾਂ ਧੋਖਾ ਦੇਣ ਵਾਲੇ ਸੰਕੇਤਾਂ ਨੂੰ ਰੋਕਣ ਲਈ)
- ✡ ਮੈਡਰਿਡ ਪ੍ਰੋਟੋਕਾਲ (ਚਿੰਨਾਂ ਦੇ ਰਜਿਸਟਰੇਸਨ ਲਈ)
- ✡ ਹੇਗ ਸਮਝੌਤਾ (ਸੱਨਅਤੀ ਡਿਜ਼ਾਈਨਾਂ ਭੰਡਾਰਣ ਲਈ)

## 36. ਬੁੱਡਾਪੈਸਟ ਸੰਧੀ ਕੀ ਹੈ?

ਇਹ ਮੈਂਬਰ ਮੁਲਕਾਂ ਦੀ ਸਹੂਲਤ ਲਈ ਪੇਟੈਂਟ ਕਰਵਾਉਣ ਦੇ ਉਦੇਸ਼ ਨਾਲ ਅਧਿਕ੍ਰਿਤ ਤੌਰ ਤੇ ਸੂਖਮਜੀਵ ਬੈਂਕਾਂ ਨੂੰ ਮਾਨਤਾ ਦੇਣ ਬਾਰੇ ਪ੍ਰਬੰਧ ਕਰਨ ਵਾਲੀ ਇੱਕ ਅੰਤਰਰਾਸ਼ਟਰੀ ਕਨਵੈਨਸ਼ਨ ਹੈ। ਪੇਟੈਂਟ ਵੇਰਵੇ ਵਿੱਚ ਦਿੱਤੇ ਵਿਸਥਾਰ ਮੁਤਾਬਕ ਕਈ ਅਵਸਰਾਂ ਤੇ ਸੂਖਮ-ਜੀਵ ਨੂੰ ਦੁਬਾਰਾ ਪੈਦਾ ਕਰਨ ਦੀ ਅਸੰਭਾਵਨਾਵਾਂ ਅਤੇ ਹੋਰ ਕਠਿਨਾਈਆਂ ਨੂੰ ਮੱਦੇ ਨਜਰ ਰੱਖਦਿਆਂ, ਦੂਜਿਆਂ ਵੱਲੋਂ ਇਸ ਦਾ ਨਿਰੀਖਣ ਅਤੇ ਪਰੀਖਣ ਕਰਨ ਵਾਸਤੇ ਮੂਖਮ ਜੀਵਾਂ ਨੂੰ ਕਲਚਰ ਸੰਗ੍ਰਹਿ ਕੇਂਦਰ ਵਿੱਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। ਇਹ ਸੰਧੀ ਬੁੱਡਾਪੈਸਟ ਵਿਖੇ1973 ਵਿੱਚ ਸਹੀਬੰਦ ਕੀਤੀ ਗਈ ਸੀ ਅਤੇ 1980 ਵਿੱਚ ਇਸ ਨੂੰ ਸੋਧਿਆ ਗਿਆ ਸੀ। ਭਾਰਤ ਇਸ ਸੰਧੀ ਦਾ ਮੈਂਬਰ 17 ਦਸੰਬਰ, 2001 ਨੂੰ ਬਣਿਆ ਹੈ।

## 37. ਸੂਖਮ-ਜੈਵਿਕ ਕਾਢਾਂ ਅਤੇ ਦੂਜੀਆਂ ਕਾਢਾਂ ਸਬੰਧੀ ਪੇਟੈਂਟ ਦਰਖਾਸਤ ਦਰਜ ਕਰਵਾਉਣ ਵਿੱਚ ਕੀ ਕੋਈ ਅੰਤਰ ਹਨ?

ਸੂਖਮ-ਜੈਵਿਕ ਕਾਢਾਂ ਦਾ ਦੂਸਰੀ ਕਾਢਾਂ ਨਾਲੋਂ ਮੁੱਖ ਅੰਤਰ ਇਹ ਹੈ ਕਿ ਸੂਖਮ ਜੈਵਿਕ ਨਾਲ ਸੰਬੰਧਿਤ ਕਾਢਾਂ ਵਿੱਚ ਆਮ ਤੌਰ ਤੇ ਕਾਢ ਕਰਤਾ ਨੂੰ ਮਾਨਤਾ ਪ੍ਰਾਪਤ ਸੂਖਮਜੀਵ ਬੈਂਕ (ਡਿਪੋਜ਼ੀਟਰੀ) ਵਿੱਚ ਸੂਖਮ-ਜੀਵ ਦੀ ਨਸਲ ਜਮਾਂ ਕਰਵਾਉਣੀ ਪੈਂਦੀ ਹੈ ਅਤੇ ਉਹ ਡਿਪੋਜ਼ੀਟਰੀ ਜਮਾਂ ਕੀਤੇ ਸੂਖਮ-ਜੀਵ ਨੂੰ ਰਜਿਸਟਰੇਸ਼ਨ ਨੰਬਰ ਦਿੰਦੀ ਹੈ, ਪੇਟੈਂਟ ਦਰਖਾਸਤ ਵਿੱਚ ਇਹ ਨੰਬਰ ਦਰਸਾਉਣਾ ਹੁੰਦਾ ਹੈ। ਇਹ ਤਾਂ ਸਪੱਸ਼ਟ ਹੀ ਹੈ ਕਿ ਪੇਟੈਂਟ ਦਰਖਾਸਤ ਦਰਜ ਕਰਨ ਤੋਂ ਪਹਿਲਾਂ ਹੀ ਸੂਖਮ ਜੀਵਾਂ ਦੀ ਨਸਲ ਜਮਾਂ ਕਰਵਾਉਣੀ ਹੁੰਦੀ ਹੈ। ਇਹ ਵੇਖਿਆ ਜਾ ਸਕਦਾ ਹੈ ਕਿ ਇਹ ਕਾਰਜ ਵਿਧੀ ਪੇਟੈਂਟ ਦਰਖਾਸਤ ਵਿੱਚ ਸੂਖਮ-ਜੀਵ ਦੇ ਵਿਸਥਾਰਣ ਦੀ ਲੋੜ ਤੋਂ ਛੁਟਕਾਰਾ ਦਿਵਾ ਦਿੰਦੀ ਹੈ। ਇਸ ਕਾਢ ਤੇ

ਹੋਰ ਕੰਮ ਕਰਨ ਲਈ ਇਹਨਾਂ ਸੂਖਮਜੀਵਾਂ ਦੇ ਨਮੂਨੇ ਸਬੰਧਿਤ ਡੀਪੋਜ਼ੀਟਰੀ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਸੰਸਾਰ ਭਰ ਵਿੱਚ ਬੁੱਡਾਪੇਸਟ ਸੰਧੀ ਅਧੀਨ ਮਾਨਤਾ ਪ੍ਰਾਪਤ ਬਹੁਤ ਸਾਰੀਆਂ ਅੰਤਰਰਾਸ਼ਟਰੀ ਸੂਖਮਜੀਵ ਬੈਂਕਾਂ ਹਨ ਜਿੱਥੇ ਨਸਲ ਜਮ੍ਹਾਂ ਕਰਵਾਈ ਜਾ ਸਕਦੀ ਹੈ। ਕਿਸੇ ਕਾਢ ਵਿੱਚ ਵਰਤਿਆ ਜਾਣ ਵਾਲਾ ਭੌਤਿਕੀ ਪਦਾਰਥ ਨੂੰ ਜਮਾਂ ਕਰਵਾਉਣ ਦੀ ਜ਼ਰੂਰਤ ਹੋਰ ਦੂਸਰੀਆਂ ਕਾਢਾਂ ਲਈ ਨਹੀਂ ਹੈ।

## 38. ਭਾਰਤ ਵਿੱਚ ਸੂਖਮ ਜੈਵਿਕ ਸੰਬੰਧੀ ਕਾਢਾਂ ਅਤੇ ਸੂਖਮ ਜੀਵਾਂ ਦੀ ਸੁਰੱਖਿਆ ਲਈ ਕੀ ਪ੍ਰਣਾਲੀ ਹੈ?

ਭਾਰਤ ਪੇਟੈਂਟ ਐਕਟ ਅਨੁਸਾਰ ਕੁਦਰਤ ਵਿੱਚ ਪਹਿਲਾਂ ਹੀ ਮੌਜੂਦ ਸੂਖਮ ਜੀਵ ਪੇਟੈਂਟ ਹੋਣ ਯੋਗ ਨਹੀਂ ਹਨ। ਪਰ ਜਣਨਿਕ ਤੌਰ ਤੇ ਬਦਲੇ ਸੂਖਮ ਜੀਵਾਂ ਲਈ ਪੇਟੈਂਟ ਲਿਆ ਜਾ ਸਕਦਾ ਹੈ। ਸੂਖਮ ਜੀਵਾਂ ਦੇ ਉਤਪਾਦ ਕਰਨ ਦੀਆਂ ਵਿਧੀਆਂ ਦਾ ਵੀ ਪੇਟੈਂਟ ਲਿਆ ਜਾ ਸਕਦਾ ਹੈ। ਬਹੁਤ ਸਾਰੇ ਦੇਸ਼ ਸਿਰਫ ਜਣਨਿਕ ਤੌਰ ਤੇ ਬਦਲੇ ਸੂਖਮ ਜੀਵਾਂ ਲਈ ਹੀ ਪੇਟੈਂਟ ਮਨਜੂਰ ਕਰਦੇ ਹਨ ਪਰ ਕੁਝ ਦੇਸ ਅਜਿਹੇ ਵੀ ਹਨ ਜਿੱਥੇ ਕਿ ਕੁਦਰਤ ਵਿੱਚ ਪਹਿਲਾਂ ਹੀ ਮੌਜੂਦ ਸੂਖਮ ਜੀਵਾਂ ਦਾ ਪੇਟੈਂਟ ਵੀ ਮਨਜੂਰ ਕੀਤਾ ਜਾਂਦਾ ਹੈ ਜੇ ਉਹ ਕੁਦਰਤ ਵਿੱਚੋਂ ਪਹਿਲੀ ਵਾਰ ਲੱਭੇ ਹੋਣ ਪਰ ਉਹ ਬਾਕੀ ਸ਼ਰਤਾਂ ਪੂਰੀਆਂ ਕਰਦੇ ਹੋਣ।

## 38B.ਕੀ ਅੰਤਰਰਾਸਟਰੀ ਦਰਖਾਸਤ ਵਿੱਚ ਵੱਖ-ਵੱਖ ਦਿਲਚਸਪੀ ਵਾਲੇ ਦੇਸ ਮਨੋਨੀਤ ਕਰਨ ਦੀ ਹੁਣ ਲੋੜ ਨਹੀਂ ਹੈ।

ਹਾਂ, ਹੁਣ ਅੰਤਰਰਾਸ਼ਟਰੀ ਦਰਖਾਸਤ ਵਿੱਚ ਵੱਖ-ਵੱਖ ਦਿਲਚਸਪੀ ਵਾਲੇ ਦੇਸ਼ ਮਨੋਨੀਤ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

## 39. ਪੇਟੈਂਟ ਸਹਿਯੋਗ ਸੰਧੀ (ਪੀ.ਸੀ.ਟੀ. (PCT)) ਕੀ ਹੈ?

ਪੇਟੈਂਟ ਸਹਿਯੋਗ ਸੰਧੀ (ਪੀ.ਸੀ.ਟੀ.) ਇੱਕ ਬਹੁਪੱਖੀ ਸੰਧੀ ਹੈ ਜਿਹੜੀ 1978 ਵਿੱਚ ਅਮਲ ਵਿੱਚ ਆਈ ਸੀ। ਪੀ.ਸੀ.ਟੀ. ਦੇ ਰਾਹੀਂ, ਕਿਸੇ ਵੀ ਮੈਂਬਰ ਮੁਲਕ ਦਾ ਕਾਢ ਕਰਤਾ ਆਪਣੀ ਕਾਢ ਦੇ ਲਈ ਮੈਂਬਰ ਮੁਲਕਾਂ ਵਿੱਚ ਅਲੱਗ-ਅਲੱਗ ਦਰਖਾਸਤ ਦਿੱਤੇ ਬਿਨਾਂ ਆਪਣੀ ਕਾਢ ਲਈ ਪਹਿਲ ਯਕੀਨੀ ਬਣਾ ਸਕਦਾ ਹੈ। ਇਸ ਵਾਸਤੇ ਉਹ ਪੀ.ਸੀ.ਟੀ. ਦਰਖਾਸਤ ਜਿਸ ਨੂੰ ਕਿ ਆਮ ਤੌਰ ਤੇ ਅੰਤਰਰਾਸਟਰੀ ਦਰਖਾਸਤ ਕਹਿੰਦੇ ਹਨ, ਦਾਖਲ ਕਰ ਸਕਦਾ ਹੈ। ਭਾਰਤ ਇਸ ਸੰਧੀ ਵਿੱਚ 17 ਦਸੰਬਰ 1998 ਨੂੰ ਸ਼ਾਮਲ ਹੋਇਆ ਸੀ।

## 40. ਪੀ.ਸੀ.ਟੀ. ਦੀਆਂ ਸਰਗਰਮੀਆਂ ਦਾ ਸੰਚਾਲਨ ਕੌਣ ਕਰਦਾ ਹੈ?

ਜਨੇਵਾ ਵਿਖੇ ਸਥਿਤ ਵਿਸ਼ਵ ਬੌਧਿਕ ਸੰਪਦਾ ਸੰਗਠਨ (ਵਿਪੋ ਜਾਂ WIPO) ਪੀ.ਸੀ.ਟੀ. ਦੀਆਂ ਸਰਗਰਮੀਆਂ ਦਾ ਸੰਚਾਲਨ ਕਰਦਾ ਹੈ।

## 41. ਪੀ.ਸੀ.ਟੀ. (PCT) ਦੀ ਕੀ ਲੋੜ ਹੈ?

ਦੂਜੇ ਮੁਲਕਾਂ ਵਿੱਚ ਤੁਹਾਡੀ ਕਾਢ ਦੀ ਸੁਰੱਖਿਆ ਲਈ ਤੁਹਾਡੀ ਦਿਲਚਸਪੀ ਦੇ ਹਰ ਮੁਲਕ ਵਿੱਚ ਤੁਹਾਨੂੰ ਅਲੱਗ-੨ ਦਰਖਾਸਤ ਦੇਣੀ ਪੈਂਦੀ ਹੈ, ਕਈ ਮਾਮਲਿਆਂ ਵਿੱਚ, ਇਹਨਾਂ ਮੁਲਕਾਂ ਅੰਦਰ ਪਹਿਲ ਪ੍ਰਾਪਤ ਕਰਨ ਲਈ ਇੱਕ ਨਿਰਧਾਰਤ ਸਮੇਂ ਵਿੱਚ ਹੀ ਤੁਹਾਨੂੰ ਇਹ ਦਰਖਾਸਤ ਦੇਣੀ ਪੈਂਦੀ ਹੈ। ਇਸ ਕਾਰਜਵਿਧੀ ਵਿੱਚ ਥੋੜ੍ਹੇ ਸਮੇਂ ਵਿੱਚ ਵੱਧ ਪੈਸਾ ਲੱਗਦਾ ਹੈ ਜਿਸ ਵਿੱਚ ਦਰਖਾਸਤ ਦਰਜ ਕਰਨ ਦੀ ਫੀਸ, ਅਨੁਵਾਦ ਕਰਨ ਦੀ ਫੀਸ, ਅਟਰਾਨੀ ਦੀ ਫੀਸ ਆਦਿ ਸ਼ਾਮਲ ਹੁੰਦੇ ਹਨ। ਇਸ ਦੇ ਨਾਲ ਹੀ ਤੁਸੀਂ ਇਹ ਮੰਨ ਕੇ ਚੱਲਦੇ ਹੋ ਕਿ ਤੁਹਾਡੀ ਕਾਢ ਇਹਨਾਂ ਮੁਲਕਾਂ ਵਿੱਚ ਵਪਾਰਕ ਲਾਭ ਵੀ ਕਮਾਏਗੀ ਕਿਉਂਕਿ ਉਪਲੱਬਧ ਘੱਟ ਸਮੇਂ ਵਿੱਚ ਇਹ ਫ਼ੈਸਲਾ ਕਰਨਾ ਕਿ ਉਸ ਮੁਲਕ ਵਿੱਚ ਪੇਟੈਂਟ ਦਰਖਾਸਤ ਦਰਜ ਕਰਵਾਉਣੀ ਹੈ ਜਾਂ ਨਹੀਂ, ਬਹੁਤ ਮੁਸ਼ਕਿਲ ਹੈ ਅਤੇ ਤੁਹਾਡਾ ਇਹ ਫੈਸਲਾ ਗਲਤ ਵੀ ਹੋ ਸਕਦਾ ਹੈ।

ਇਸ ਤੋਂ ਬਚਣ ਲਈ, ਪੀ.ਸੀ.ਟੀ. ਦੇ ਮੈਂਬਰ ਮੁਲਕਾਂ ਦੇ ਖੋਜ ਕਰਤਾਵਾਂ ਨੂੰ ਪਹਿਲ ਹਾਸਿਲ ਕਰਨ ਲਈ ਵਿਭਿੰਨ ਮੁਲਕਾਂ ਵਿੱਚ ਵੱਖਰੀਆਂ ਦਰਖਾਸਤਾਂ ਨਹੀਂ ਦੇਣੀਆਂ ਪੈਂਦੀਆਂ, ਇਸ ਨਾਲ ਆਰੰਭ ਵਿੱਚ ਦਰਖਾਸਤ ਦਰਜ ਕਰਨ, ਅਨੁਵਾਦ ਕਰਨ ਆਦਿ ਫੀਸਾਂ ਦੇ ਖਰਚੇ ਬਚ ਜਾਂਦੇ ਹਨ। ਇਸ ਤੋਂ ਇਲਾਵਾਂ ਇਹ ਪ੍ਰਣਾਲੀ ਮੈਂਬਰ ਮੁਲਕਾਂ ਵਿੱਚ ਦਰਖਾਸਤ ਦੇਣ ਲਈ ਲੰਬਾ ਸਮਾਂ ਦਿੰਦੀ ਹੈ। ਇਹ ਸਮਾਂ ਭਾਵ ਤਰਜੀਹੀ ਮਿਤੀ ਨੂੰ ਸਰੱਖਿਅਤ ਕਰਨ ਲਈ, ਪੈਰਿਸ ਕੰਨਵੈਨਸ਼ਨ ਦੇ ਅੰਤਰਗਤ 12 ਮਹੀਨੇ ਹੀ ਹੈ, ਪਰ ਪੀ.ਸੀ.ਟੀ. ਦੇ ਅੰਤਰਗਤ ਇਹ 20 ਤੋਂ 31 ਮਹੀਨਿਆਂ ਤੱਕ ਹੈ। ਇਸ ਤੋਂ ਇਲਾਵਾ ਪੀ.ਸੀ.ਟੀ. ਦੀ ਪੜਤਾਲ ਰਿਪੋਰਟ ਦੀ ਸਹਾਇਤਾ ਨਾਲ ਉਹ ਕਾਢ ਦੀ ਨਵੀਨਤਾ ਪਰਖਣ ਦੇ ਸਮਰੱਥ ਹੁੰਦਾ ਹੈ। ਇਸ ਤੋਂ ਇਲਾਵਾ ਜੇ ਬਿਨੈਕਾਰ ਅੰਤਰਰਾਸਟਰੀ ਮੁੱਢਲੀ ਨਿਰਖਣ ਰਿਪੋਰਟ ਲਈ ਮੰਗ ਕਰਦਾ ਹੈ ਤਾਂ ਉਸ ਰਿਪੋਰਟ ਦੇ ਆਧਾਰ ਤੇ ਉਹ ਆਪਣੀ ਕਾਢ ਦੀ ਪੇਟੈਂਟ ਯੋਗਤਾ ਵੀ ਪਰਖ ਸਕਦਾ ਹੈ।

## 42. ਪੀ.ਸੀ.ਟੀ. (PCT) ਅਧੀਨ ਪੇਟੈਂਟ ਦਰਖਾਸ਼ਤਾਂ ਦਾ ਨਿਪਟਾਰਾ ਕਿਵੇਂ ਕੀਤਾ ਜਾਂਦਾ ਹੈ?

ਹਰ ਇੱਕ ਮੈਂਬਰ ਵੱਲੋਂ ਮਨੋਨੀਤ ਕੀਤਾ ਗਿਆ ਕੋਈ ਦੂਜਾ ਦਫ਼ਤਰ ਜਾਂ ਪੇਟੈਂਟ ਦਫ਼ਤਰ, ਪੀ.ਸੀ.ਟੀ.ਦੀਆਂ ਪੇਟੈਂਟ ਦਰਖਾਸਤਾਂ ਲੈਣ ਲਈ 'ਪ੍ਰਾਪਤ ਕਰਤਾ ਦਫ਼ਤਰ' ਬਣ ਜਾਂਦਾ ਹੈ। ਇਸ ਤੋਂ ਬਾਅਦ ਇਹ ਦਰਖਾਸਤਾਂ ਪ੍ਰਬੰਧਕੀ ਕਾਰਵਾਈ ਵਾਸਤੇ ਵਿਪੋ(Wipo) ਕੋਲੋ ਭੇਜ ਦਿੱਤੀਆਂ ਜਾਦੀਆਂ ਹਨ। ਫੇਰ ਇਹ ਇੰਟਰਨੈਸ਼ਨਲ ਪੜਤਾਲੀਆਂ ਅਥਾਰਟੀਆਂ (ਆਈ.ਐਸ.ਏ.) ਕੋਲੋ ਭੇਜੀਆਂ ਜਾਂਦੀਆਂ ਹਨ ਜਿਹੜੇ ਕਿ ਆਮ ਤੌਰ ਤੇ ਪੇਟੈਂਟ ਪੜਤਾਲ ਕਰਨ ਲਈ ਵਿਸ਼ਵ ਪੱਧਰ ਤੇ ਮਨੋਨੀਤ ਕੀਤੇ ਹੋਏ ਪੇਟੈਂਟ ਕੇਂਦਰ ਹੀ ਹੁੰਦੇ ਹਨ। ਜੇ ਪ੍ਰਾਪਤ ਕਰਤਾ ਦਫ਼ਤਰ ਹੀ ਅੰਤਰਾਸ਼ਟਰੀ ਪੜਤਾਲ ਅਥਾਰਟੀ ਵੀ ਹੈ, ਤਾਂ ਕੋਈ ਵੱਖਰੇ ਤੌਰ ਦੇ ਦਰਖਾਸਤ ਭੇਜਣ ਦੀ ਜ਼ਰੂਰਤ ਨਹੀਂ ਹੁੰਦੀ। ਅੰਤਰਰਾਸ਼ਟਰੀ ਮੁੱਢਲੀ ਨਿਰੀਖਣ ਅਥਾਰਟੀ (IPEA) ਕੋਲੋਂ ਵੱਖਰੇ ਤੌਰ ਤੇ ਪੇਟੈਂਟ ਦਰਖਾਸਤ ਨੂੰ ਪੜਤਾਲ ਕਰਵਾਉਣ ਦੀ ਵਿਵਸਥਾ ਹੈ ਇਹ ਅਥਾਰਟੀ ਆਈ. ਐਸ.ਏ. ਦੀ ਤਰ੍ਹਾਂ ਹੀ ਹੁੰਦੀ ਹੈ ਅਤੇ ਬਹੁਤ ਸਾਰੀਆਂ (ਆਈ.ਐਸ.ਏ.), ਇੰਟਰਨੈਸ਼ਨਲ ਪੜਤਾਲ ਅਥਾਰਟੀਆਂ (IPEA) ਦਾ ਕੰਮ ਵੀ ਕਰਦੀਆਂ ਹਨ।

## 43. ਪੀ.ਸੀ.ਟੀ. ਪ੍ਰਣਾਲੀ ਦੇ ਅੰਤਰਗਤ ਦਿੱਤੀ ਗਈ ਦਰਖਾਸਤ ਦੀ ਛਾਣਬੀਣ ਵਿੱਚ ਦੇਰੀ ਦਾ ਕੀ ਅਰਥ ਹੁੰਦਾ ਹੈ?

ਦਰਖਾਸਤ ਕਰਤਾ/ਕਾਢ ਵੱਲੋਂ ਪ੍ਰਾਪਤ ਦਫ਼ਤਰ ਵਿੱਚ ਦਰਜ਼ ਕਰਵਾਈ ਪੇਟੈਂਟ ਦਰਖਾਸਤ ਦੀ ਪੜਤਾਲ (Search) ਰਿਪੋਰਟ ਤਰਜੀਹੀ ਮਿਤੀ ਤੋਂ 16 ਮਹੀਨੇ ਬਾਅਦ ਵਿੱਚ ਮਿਲ ਜਾਂਦੀ ਹੈ, ਤਰਜੀਹੀ ਮਿਤੀ ਹੋਰ ਕੁਝ ਵੀ ਨਹੀਂ, ਪ੍ਰਾਪਤ ਕਰਤਾ ਦਫ਼ਤਰ ਵਿੱਚ ਦਰਖਾਸਤ ਦਰਜ਼ ਕਰਵਾਉਣ ਦੀ ਤਾਰੀਖ ਹੀ ਹੁੰਦੀ ਹੈ (ਇਹ ਵੀ ਦੇਖਿਆ ਗਿਆ ਹੈ ਕਿ ਕਈ ਵਾਰ ਇਹ 16 ਮਹੀਨੇ ਦੇ ਸਮੇਂ ਦਾ ਸਖਤੀ ਨਾਲ ਪਾਲਣ ਨਹੀਂ ਹੁੰਦਾ)। ਤਰਜੀਹੀ ਤਾਰੀਖ ਤੋਂ 18 ਮਹੀਨੇ ਬਾਅਦ ਪੇਟੈਂਟ ਦਰਖਾਸਤ ਅਤੇ ਪੜਤਾਲ ਰਿਪੋਰਟ ਵਿਪੋ ਦੇ ਅੰਤਰਰਾਸ਼ਟਰੀ ਬਿਊਰੋ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਦਰਖਾਸਤ ਵਿੱਚ ਦਰਜ ਮਨੋਨੀਤ ਮੁਲਕਾਂ ਨੂੰ ਫੇਰ ਮੂਲ ਦਰਖਾਸਤ ਭੇਜ ਦਿੱਤੀ ਜਾਂਦੀ ਹੈ। ਇਸ ਦੇ ਦੋ ਮਹੀਨਿਆਂ ਵਿੱਚ ਭਾਵ20ਵੇਂ ਮਹੀਨੇ ਤੱਕ, ਦਰਖਾਸਤ ਕਰਤਾ ਨੂੰ ਮਨੋਨੀਤ ਮੁਲਕਾਂ ਦੀਆਂ ਨਿਰਧਾਰਤ ਫੀਸਾਂ ਆਦਿ ਭਰਕੇ ਅਤੇ ਹੋਰ ਲੋੜੀਂਦੀਆਂ ਔਪਚਾਰਿਕ ਕਾਰਵਾਈਆਂ ਕਰ ਕੇ ਪੇਟੈਂਟ ਮਨਜੂਰ ਕਰਨ ਲਈ ਦਰਖਾਸਤ ਦੇਣੀ ਹੁੰਦੀ ਹੈ। ਕਈ ਦੇਸਾਂ ਵਿੱਚ ਇਹ ਦਰਖਾਸਤ ਰਾਸ਼ਟਰੀ ਫੇਜ਼ ਵਿੱਚ 30ਵੇਂ ਜਾ 31ਵੇਂ ਮਹੀਨੇ ਤੋਂ ਪਹਿਲਾਂ ਦਰਖਾਸਤ ਦਾਖਲ ਨਹੀਂ ਹੁੰਦੀ ਭਾਵੇਂ ਕਾਢਕਰਤਾ ਨੇ ਮੁੱਢਲੀ ਨਿਰੀਖਣ, ਲਈ ਬੇਨਤੀ ਨਾ ਵੀ ਕੀਤੀ ਹੋਵੇ। ਦਰਖਾਸਤ ਦੇਣ ਦੇ ਬਾਵਜੂਦ, ਤਰਜੀਹੀ ਤਾਰੀਖ ਦੇ ਬਾਅਦ 20ਵੇਂ ਮਹੀਨੇ ਵਿੱਚ ਮਨੋਨੀਤ ਮੁਲਕਾਂ ਵਿੱਚ ਪੇਟੈਂਟ ਦੀ ਮਨਜੂਰੀ ਲਈ ਜੇ ਅਨੁਵਾਦਤ ਨਕਲਾਂ ਦੀ ਜਰੂਰਤ ਹੋਵੇ, ਤਾਂ ਉਹ ਵੀ ਦਰਖਾਸਤ ਕਰਤਾ ਨੇ ਹੀ ਦੇਣੀਆਂ ਹੁੰਦੀਆਂ ਹਨ। ਭਾਵੇਂ ਮਨੋਨੀਤ ਮੁਲਕਾਂ ਵਿੱਚ ਪੇਟੈਂਟ ਲਈ ਦਰਖਾਸਤ ਤਰਜੀਹੀ ਮਿਤੀ ਤੋਂ ਬਾਅਦ ਵੀਹਵੇਂ ਮਹੀਨੇ ਜਾਂ31ਵੇਂ ਮਹੀਨੇ ਵਿੱਚ ਦਿੱਤੀ ਜਾਂਦੀ ਹੈ, ਪਰ ਇਹਨਾਂ ਮੁਲਕਾਂ ਵਿੱਚ ਵੀ ਪੇਟੈਂਟ ਲਈ ਤਰਜੀਹੀ ਮਿਤੀ ਉਹ ਹੀ ਮੰਨੀ ਜਾਂਦੀ ਹੈ ਜਿਹੜੀ ਮਿਤੀ ਮੂਲ ਪੀ.ਸੀ. ਟੀ.(PCT) ਦਰਖਾਸਤ ਦੇਣ ਦੀ ਹੁੰਦੀ ਹੈ।

ਜੇ ਦਰਖਾਸਤ ਕਰਤਾ/ਕਾਢ ਕਰਤਾ ਨੇ ਜਾਂਚ/ਨਿਰੀਖਣ (Examination) ਰਿਪੋਰਟ ਦੀ ਮੰਗ ਕੀਤੀ ਹੈ ਤਾਂ ਇਹ ਰਿਪੋਰਟ ਆਮ ਤੌਰ ਤੇ ਤਰਜੀਹੀ ਤਾਰੀਖ ਦੇ28 ਮਹੀਨਿਆਂ ਬਾਅਦ ਦਰਖਾਸਤ/ਕਾਢ ਕਰਤਾ ਨੂੰ ਮਿਲ ਜਾਂਦੀ ਹੈ। ਇਸ ਦੇ ਦੋ ਮਹੀਨਿਆਂ ਦੇ ਅੰਦਰ, ਦਰਖਾਸਤ ਕਰਤਾ/ਕਾਢ ਕਰਤਾ ਨੂੰ ਔਪਚਾਰਿਕ ਤੌਰ ਤੇ ਪੇਟੈਂਟ ਦੀ ਮਨਜੂਰੀ ਲਈ ਮਨੋਨੀਤ ਮੁਲਕਾਂ ਵਿੱਚ ਦਰਖਾਸਤ ਦੇਣੀ ਪੈਂਦੀ ਹੈ। ਦਰਖਾਸਤ ਦੀ ਪਹਿਲ/ਤਰਜੀਹ ਮਿਤੀ ਮਨੋਨੀਤ ਮੁਲਕਾਂ ਵਿੱਚ ਬਰਕਰਾਰ ਰੱਖੀ ਜਾਂਦੀ ਹੈ।

## 44. ਦੇਰੀ ਪ੍ਰਕਿਰਿਆ ਦੇ ਕੀ ਲਾਭ ਹਨ?

(ੳ) ਜਿਸ ਕਾਢ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਣੀ ਹੈ ਦਰਖਾਸਤ ਕਰਤਾ20 ਜਾਂ 30 ਮਹੀਨਿਆਂ ਦੇ ਬਾਅਦ ਉਸ ਦੀ ਗੁਣਵਤਾ ਨੂੰ ਭਾਂਪਣ ਦੇ ਲਈ ਵੱਧ ਮਜ਼ਬੂਤ ਸਥਿਤੀ ਵਿੱਚ ਹੁੰਦਾ ਹੈ ਕਿਉਂ ਕਿ ਉਸ ਸਮੇਂ ਤੱਕ ਉਸ ਦੇ ਕੋਲੇ ਵਿਸਥਾਰ ਪੜਤਾਲ ਰਿਪੋਰਟ ਜਾਂ ਨਿਰੀਖਣ ਰਿਪੋਰਟ ਜਾਂ ਦੋਵੇਂ ਹੀ ਉਪਲੱਬਧ ਹੁੰਦੀਆਂ ਹਨ ਜਿਹਨਾਂ ਦੀ ਮੱਦਦ ਨਾਲ ਉਹ ਵਧੀਆ ਸੋਧ ਕਰ ਸਕਦਾ ਹੈ।

(ਅ) 20-30 ਮਹੀਨਿਆਂ ਦੇ ਵਕਫ਼ੇ ਬਾਅਦ ਦਰਖਾਸਤ ਕਰਤਾ ਸਾਰੇ ਹੀ ਮਨੋਨੀਤ ਮੁਲਕਾਂ ਵਿੱਚ ਦਰਖਾਸਤ ਦਰਜ ਕਰਵਾਉਣ ਬਾਰੇ ਆਪਣੇ ਫ਼ੈਸਲੇ ਦਾ ਪੁਨਰ-ਮੁਲੰਕਣ ਕਰ ਸਕਦਾ ਹੈ।

(ੲ) ਜੇ ਸੰਤੁਸ਼ਟ ਨਾ ਹੋਵੇ, ਤਾਂ ਦਰਖਾਸਤ ਕਰਤਾ ਆਪਣੀ ਸੂਚੀ ਵਿੱਚੋਂ ਕੁੱਝ ਮੁਲਕਾਂ ਨੂੰ ਕੱਢ ਦੇਣ ਬਾਰੇ ਫ਼ੈਸਲਾ ਕਰ ਸਕਦਾ ਹੈ। ਮੰਡੀ ਦੀਆਂ ਬਦਲਦੀਆਂ ਹਾਲਾਤਾਂ ਵੀ ਇਸ ਫ਼ੈਸਲੇ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

(ਸ) ਬਿਨਾਂ ਤਰਜੀਹ ਖ਼ਤਮ ਕੀਤੇ ਦਰਖਾਸਤ ਕਰਤਾ ਰਾਸ਼ਟਰੀ ਜਾਂ ਖੇਤਰੀ ਫੇਜ ਤੇ 20 ਤੋਂ 31 ਮਹੀਨੇ ਪੈਸੇ ਲਾਉਣੇ

ਰੋਕ ਸਕਦਾ ਹੈ। ਜਿਵੇਂ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਕਈ ਦੇਸ਼ਾਂ ਵਿੱਚ ਰਾਸਟਰੀ ਦਰਖਾਸਤ ਬਿਨਾਂ ਸਮੁੱਚੀ ਨਿਰੀਖਣ ਰਿਪੋਰਟ ਦੀ ਬੇਨਤੀ ਕੀਤਿਆਂ 30/31 ਮਹੀਨੇ ਤੱਕ ਦਾਖਲ ਕੀਤੀ ਜਾ ਸਕਦੀ ਹੈ। ਸੰਬੰਧਿਤ ਦੇਸ਼ ਦੀ ਸਮਾਂ ਸੀਮਾਂ ਤੁਸੀਂ ਵੈਬਸਾਈਟ www.wipo.int/pctguide/en/ ਤੇ ਦੇਖ ਸਕਦੇ ਹੋ।

## 45. ਪੀ.ਸੀ.ਟੀ. ਦਰਖਾਸਤਾਂ (ਅੰਤਰਰਾਸ਼ਟਰੀ ਦਰਖਾਸਤਾਂ) ਦੇ ਸੰਦਰਭ ਵਿੱਚ ਭਾਰਤ ਅੰਦਰ ਕਿਹੜਾ ਦਫ਼ਤਰ ਢੁੱਕਵਾਂ ਹੈ?

ਪੀ.ਸੀ.ਟੀ. ਦਰਖਾਸਤਾਂ, ਭਾਰਤ ਦੇ ਪੇਟੈਂਟ ਦਫ਼ਤਰ ਦੀ ਕਿਸੇ ਵੀ ਸ਼ਾਖਾ, ਜਿਹੜੀਆਂ ਕਿ ਨਵੀਂ ਦਿੱਲੀ, ਚਨੇਈ, ਮੁੰਬਈ ਤੇ ਕੋਲਕੱਤਾ (ਮੁੱਖ ਦਫ਼ਤਰ) ਵਿੱਚ ਸਥਿਤ ਹਨ, ਵਿੱਚ ਦਾਖਲ ਕੀਤੀਆਂ ਜਾ ਸਕਦੀਆਂ ਹਨ। ਇਹਨਾਂ ਵਿੱਚੋਂ ਚੁਣੀ ਗਈ ਕੋਈ ਵੀ ਸਾਖਾ, ਸੰਧੀ ਅਧੀਨ ਪ੍ਰਾਪਤ ਕਰਤਾ ਦਫ਼ਤਰ, ਮਨੋਨੀਤ ਦਫ਼ਤਰ ਅਤੇ ਪ੍ਰਾਪਤ ਕੀਤੀਆਂ ਅੰਤਰਰਾਸਟਰੀ ਦਰਖਾਸਤਾਂ ਦੇ ਮੰਤਵਾਂ ਲਈ ਚੁਣਿਆਂ ਗਿਆ ਦਫ਼ਤਰ ਸਮਝਿਆ ਜਾਏਗਾ।

ਅੰਤਰਰਾਸਟਰੀ ਦਰਖਾਸਤ ਪੇਟੈਂਟ ਦਫ਼ਤਰਾਂ ਵਿੱਚ ਦਰਜ ਕਰਵਾਈ ਜਾ ਸਕਦੀ ਹੈ। ਪੇਟੈਂਟ ਦਫ਼ਤਰ ਪੀ.ਸੀ.ਟੀ. ਦੀਆਂ ਵਿਵਸਥਾਵਾਂ ਅਤੇ ਨਿਯਮਾਂ ਦੇ ਅਨੁਸਾਰ ਕਾਰਵਈ ਕਰੇਗਾ।

## 46. ਪੀ.ਸੀ.ਟੀ. (PCT) ਦਰਖਾਸਤ ਦਾਖਲ ਕਰਨ ਲਈ ਕਿੰਨੇ ਖਰਚੇ ਹਨ?

ਇੱਕ ਭਾਰਤੀ ਬਿਨੈਕਾਰ ਲਈ, ਪੀ.ਸੀ.ਟੀ. ਦਰਖਾਸਤ ਦਾਖਲ ਕਰਨ ਲਈ ਹੇਠ ਲਿਖੇ ਖਰਚੇ ਹਨ।

| | | |
|---|---|---|
| 1. | ਦਰਖਾਸਤ ਅੱਗੇ ਭੇਜਣ ਲਈ ਫੀਸ (Transmittal Fees) | – ਰੁਪਏ 8000/– ਸੰਸਥਾ ਲਈ<br>– ਰੁਪਏ 2000/– ਵਿਅਕਤੀਗਤ ਲਈ |
| 2. | ਅੰਤਰਰਾਸ਼ਟਰੀ ਅੰਦਰਾਜ ਫੀਸ (International Filing Fees) | US$ 1086 |
| 3. | 30 ਸ਼ੀਟਾਂ ਤੋਂ ਵੱਧ, ਹਰੇਕ ਵਾਧੂ ਸ਼ੀਟ ਲਈ ਫੀਸ | US$ 12 |
| 4. | ਪੜਤਾਲ ਫੀਸਾ | US$ 241 ਤੋਂ US$ 2,059 (ਇਹ ਫੀਸ ਬਿਨੈਕਾਰ ਵੱਲ ਚੁਣੀ ਆਈ.ਐਸ. ਏ. (ਅੰਤਰਰਾਸਟਰੀ ਪੜਤਾਲ ਅਥਾਰਟੀ) ਤੇ ਨਿਰਭਰ ਕਰਦੀ ਹੈ। |

ਉਪਰ ਦੱਸੀਆ ਸਾਰੀਆਂ ਫੀਸਾਂ ਵਿੱਚ, ਉਹਨਾਂ ਪੀ.ਸੀ.ਟੀ. ਮੈਂਬਰ ਮੁਲਕਾਂ ਦੇ ਬਿਨੈਕਾਰ ਲਈ 75% ਦੀ ਛੋਟ ਹੈ ਜਿਹਨਾਂ ਮੁਲਕਾਂ ਦੀ ਪ੍ਰਤੀ ਵਿਅਕਤੀ ਰਾਸਟਰੀ ਆਮਦਨ US$ 3000 ਤੋਂ ਘੱਟ ਹੈ।

## 47. ਤੁਸੀਂ ਫ਼ੀਸ ਕਿੱਥੇ ਅਤੇ ਕਿਹੜੀ ਮੁਦਰਾ ਵਿੱਚ ਭਰਨੀ ਹੈ?

ਸਾਰੀਆਂ ਫ਼ੀਸਾਂ ਦਾ ਭੁਗਤਾਨ ਦਰਖਾਸਤ ਪ੍ਰਾਪਤ ਕਰਤਾ ਦਫ਼ਤਰ ਵਿੱਚ ਕਰਨਾ ਹੈ ਅਤੇ ਇਹ ਪ੍ਰਾਪਤ ਕਰਤਾ ਦਫ਼ਤਰ ਦੀ ਜ਼ੁੰਮੇਵਾਰੀ ਹੈ ਕਿ ਜੇਕਰ ਪ੍ਰਾਪਤ ਕਰਤਾ ਦਫ਼ਤਰ ਪੜਤਾਲ ਅਥਾਰਟੀ ਨਹੀਂ ਹੈ ਤਾਂ ਉਹ ਪੜਤਾਲ ਫ਼ੀਸ ਸਬੰਧਿਤ ਦਫ਼ਤਰ ਨੂੰ ਭੇਜੇ। ਏਸੇ ਤਰ੍ਹਾਂ ਹੀ, ਹੋਰਨਾਂ ਏਜੰਸੀਆਂ ਨੂੰ ਭੁਗਤਾਨ ਯੋਗ ਚਾਰਜ ਵੀ ਪ੍ਰਾਪਤ ਕਰਤਾ ਦਫ਼ਤਰ ਵੱਲੋਂ ਹੀ ਭੇਜੇ ਜਾਣਗੇ। ਪ੍ਰਾਪਤਕਰਤਾ ਦਫ਼ਤਰ ਨੂੰ ਮਨਜ਼ੂਰ ਮੁਦਰਾ ਵਿੱਚ ਹੀ ਫੀਸਾਂ ਦਾ ਭੁਗਤਾਨ ਕੀਤਾ ਜਾਣਾ ਹੈ, ਇੱਕ ਭਾਰਤੀ ਦੇ ਤੌਰ ਤੇ ਤੁਸੀਂ ਸਾਰੀਆਂ ਫ਼ੀਸਾਂ ਦਾ ਭੁਗਤਾਨ ਭਾਰਤੀ ਮੁਦਰਾ (ਰੁਪਏ) ਵਿੱਚ ਹੀ ਕਰ ਸਕਦੇ ਹੋ।

## 48. ਕੀ ਭਾਰਤ ਵਿੱਚ ਨਵੀਆਂ ਪੌਦਾ ਜਾਤੀਆਂ ਦੀ ਸੁਰੱਖਿਆ ਲਈ ਕੋਈ ਵਿਵਸਥਾ ਹੈ?

ਭਾਰਤ ਵਿੱਚ ਪੌਦਿਆਂ ਦੀਆਂ ਨਵੀਆਂ ਜਾਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ 'ਪੌਦਾ ਜਾਤੀ ਸੁਰੱਖਿਆ ਅਤੇ ਕਿਸਾਨੀ ਅਧਿਕਾਰ ਐਕਟ, 2001' (Plant Variety Protection and Farmers Rights, 2001) ਬਣਾਇਆ ਗਿਆ ਹੈ। ਇਸ ਕਾਨੂੰਨ ਵਾਸਤੇ ਬਣਾਏ ਗਏ ਨਿਯਮ ਵੀ 2003 ਵਿੱਚ ਘੋਸ਼ਿਤ ਕਰ ਦਿੱਤੇ ਗਏ ਹਨ।

ਟਰਿਪਸ (*TRIPS*) ਸਮਝੋਤੇ ਦੇ ਅੰਤਰਗਤ ਸਾਰੇ ਮੈਂਬਰ ਮੁਲਕਾਂ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੇ ਮੁਲਕਾਂ ਵਿੱਚ ਪੌਦਿਆਂ ਦੀਆਂ ਨਵੀਆਂ ਜਾਤੀਆਂ ਨੂੰ ਸੁਰੱਖਿਆ ਦੀ ਕੋਈ ਵਿਵਸਥਾ ਬਣਾਉਣ। ਇਹ ਸੁਰੱਖਿਆ ਵਿਵਸਥਾ ਪੇਟੈਂਟ ਜਾਂ ਕਿਸੇ ਸੁਈ ਜਿਨੇਰਿਸ (*Sue genris*) ਪ੍ਰਬੰਧ (ਆਪਣੇ ਆਪ ਵਿੱਚ ਨਿਵੇਕਲਾ ਪ੍ਰਬੰਧ) ਜਾਂ ਇਹਨਾਂ ਦਾ ਕੋਈ ਸੁਮੇਲ ਹੋ ਸਕਦੀ ਹੈ। ਭਾਰਤ ਲਈ ਇਸ ਸਮਝੌਤੇ (ਟਰਿਪਸ) ਦਾ ਮੈਂਬਰ ਹੋਣ ਕਾਰਨ, ਇੱਕ ਸੁਰੱਖਿਆ ਪ੍ਰਬੰਧ ਕਾਇਮ ਕਰਨਾ ਲਾਜਮੀ ਸੀ। ਇਸ ਕਰਕੇ ਭਾਰਤ ਨੇ ਸੁਈ ਜਿਨਰਿਸ ਪ੍ਰਬੰਧ ਦੀ ਚੋਣ ਕੀਤੀ ਅਤੇ ਇਸ ਤਹਿਤ ਨਵੀ ਪੈਦਾ ਜਾਤੀ ਦੀ ਸੁਰੱਖਿਆ ਅਤੇ ਕਿਸਾਨੀ ਅਧਿਕਾਰ ਐਕਟ ਲਾਗੂ ਕੀਤਾ। ਇਸ ਵਾਸਤੇ ਇੱਕ ਪੌਦਾ ਜਾਤੀ ਤੇ ਕਿਸਾਨੀ ਅਧਿਕਾਰ ਅਥਾਰਟੀ ਕਾਇਮ ਕੀਤੀ ਗਈ ਹੈ ਅਤੇ ਇਹ ਅਥਾਰਟੀ ਇਸ ਕਾਨੂੰਨ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ।

## 49. ਭਾਰਤ ਵਿੱਚ ਪੌਦਾ ਜਾਤੀ ਸੁਰੱਖਿਆ ਤੇ ਕਿਸਾਨੀ ਅਧਿਕਾਰ ਕਾਨੂੰਨ ਦੇ ਕੀ ਉਦੇਸ਼ ਹਨ?

ਇਸਦੇ ਉਦੇਸ਼ ਹੇਠ ਲਿਖੇ ਅਨੁਸਾਰ ਹਨ:

1. ਪੌਦਿਆਂ ਦੀਆਂ ਨਵੀਆਂ ਜਾਤੀਆਂ ਵਿਕਸਿਤ ਕਰਨ ਲਈ ਇਹਨਾਂ ਦੀ ਖੋਜ ਅਤੇ ਵਿਕਾਸ ਵਾਸਤੇ ਸਰਕਾਰੀ ਤੇ ਨਿੱਜੀ ਖੇਤਰਾਂ ਵਿੱਚ ਨਿਵੇਸ਼ ਦੀ ਵਸੂਲੀ ਨੂੰ ਯਕੀਨੀ ਬਣਾ ਕੇ, ਇਹਨਾਂ ਖੇਤਰਾਂ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨਾ।
2. ਭਾਰਤੀ ਕਿਸਾਨਾਂ ਨੂੰ ਵਧੀਆਂ ਤੇ ਚੰਗੀ ਗੁਣਵਤਾ ਵਾਲੇ ਬੀਜਾਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ, ਘਰੇਲੂ ਤੇ ਵਿਦੇਸ਼ੀ ਨਿਵੇਸ਼ ਦੁਆਰਾ ਦੇਸ਼ ਤੇ ਬੀਜ ਉਦਯੋਗ ਦੇ ਵਿਕਾਸ ਨੂੰ ਪ੍ਰਫੁੱਲਤ ਕਰਨ ਲਈ ਸਹਾਇਕ ਕਰਨਾ ਅਤੇ,
3. ਕਿਸਾਨਾਂ ਵੱਲੋਂ ਕਾਸ਼ਤਕਾਰ ਤੇ ਰੱਖਿਅਕ ਵਜੋਂ ਪਾਏ ਜਾ ਰਹੇ ਯੋਗਦਾਨ ਨੂੰ ਮਾਨਤਾ ਦੇਣਾ ਅਤੇ ਰਵਾਇਤੀ, ਪੇਂਡੂ ਅਤੇ ਕਬਾਇਲੀ ਭਾਈਚਾਰੇ ਵੱਲੋਂ ਭਾਰਤ ਦੀ ਖੇਤੀ ਅਤੇ ਜੈਵ-ਵਿਭਿੰਨਤਾ ਵਿੱਚ ਪਾਏ ਯੋਗਦਾਨ ਲਈ ਇਨਾਮ ਵਜੋਂ ਉਹਨਾਂ ਨੂੰ ਉਸ ਵਿੱਚੋਂ ਹੋਣ ਵਾਲੇ ਲਾਭ ਦਾ ਹਿੱਸੇਦਾਰ ਬਣਾਉਣਾ ਅਤੇ ਕਿਸਾਨਾਂ ਦੇ ਰਵਾਇਤੀ ਹੱਕਾਂ ਦੀ ਰਾਖੀ ਕਰਨਾ।

ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਕਾਨੂੰਨ ਕਿਸਾਨਾਂ ਨੂੰ ਕਿਸਾਨੀ ਅਧਿਕਾਰ ਦੇ ਰੂਪ ਵਿੱਚ ਰੱਖਿਆ ਪ੍ਰਬੰਧ ਉਪਲਬਧ ਕਰਵਾਉਂਦਾ ਹੈ ਅਤੇ ਸੁਰੱਖਿਆ ਪ੍ਰਣਾਲੀ ਪ੍ਰਦਾਨ ਕਰਦਾ ਹੈ। ਇਹ ਕਾਨੂੰਨ ਖੋਜਕਾਰਾਂ ਅਤੇ ਆਮ ਜਨਤਾ ਦੇ ਹੱਕਾਂ ਨੂੰ ਸੁਰੱਖਿਆ ਪਰਬੰਧ ਮੁਹੱਈਆਂ ਕਰਵਾਉਂਦਾ ਹੈ। ਇਹ ਕਾਨੂੰਨ ਕਿਸਾਨਾਂ ਨੂੰ ਉਹਨਾਂ ਦੇ ਰਵਾਇਤੀ ਹੱਕ ਜਿਵੇਂ ਆਪਣੇ ਖੇਤ ਦੀ ਉਪਜ ਨੂੰ ਜਮਾਂ ਕਰਨਾ ਵਰਤਣਾ, ਕਿਸੇ ਨਾਲ ਸਾਂਝੀ ਕਰਨਾ ਜਾਂ ਵੇਚਣਾ, ਆਦਿ, ਪ੍ਰਦਾਨ ਕਰਦਾ ਹੈ ਪਰ ਸ਼ਰਤ ਇਹ ਹੈ ਕਿ ਇਹ ਵਿਕਰੀ ਉਸਦੇ ਉਤਪਾਦ ਨੂੰ ਪੁਨਰਉਤਪਾਦਨ ਦੇ ਮਕਸਦ ਨਾਲ ਕਿਸੇ ਵਪਾਰਕ ਬਜ਼ਾਰੀ ਸਮਝੋਤੇ ਦੇ ਤਹਿਤ ਨਾ ਹੋਵੇ।

## 50. ਪੌਦਾ ਜਾਤੀ ਕਾਨੂੰਨ ਦੇ ਅੰਤਰਗਤ ਕਿਹੜੀ ਕਿਸਮਾਂ ਰਜਿਸਟਰੇਸ਼ਨ ਦੇ ਯੋਗ ਹਨ?

1. ਕਿੱਸੇ ਵੀ ਪੌਦੇ ਦੀ ਨਵੀਂ ਜਾਤੀ ਜਿਹੜੀ ਕਿ ਕੁੱਝ ਮਾਪਦੰਡਾਂ ਜਿਵੇਂ ਨਵੀਨਤਾ, ਵਿਲੱਖਣਤਾ. ਇਕਸਾਰਤਾ ਤੇ ਸਥਿਰਤਾ ਤੇ ਪੂਰਾ ਉੱਤਰਦੀ ਹੋਵੇ
2. ਕੋਈ ਵੀ ਪ੍ਰਚਲਿਤ ਜਾਤੀ (Extant variety) ਜਿਹੜੀ ਕਿ ਵਿਲੱਖਣਤਾ ਇਕਸਾਰਤਾ ਅਤੇ ਸਥਿਰਤਾ ਜਿਹੇ ਮਾਪਦੰਡਾ ਨੂੰ ਪੂਰਾ ਕਰਦੀ ਹੋਵੇ।

## 51. ਪੌਦਾ ਜਾਤੀ ਸੁਰੱਖਿਆ ਅਤੇ ਕਿਸਾਨੀ ਅਧਿਕਾਰ ਐਕਟ, 2001 ਦੇ ਅਧੀਨ ਪ੍ਰਚਲਿਤ ਜਾਤੀ (Extant Variety) ਨੂੰ ਕਿਵੇਂ ਪ੍ਰਭਾਵਿਤ ਕੀਤਾ ਗਿਆ ਹੈ?

ਇੱਕ ਪ੍ਰਚਲਿਤ ਜਾਤੀ ਉਹ ਜਾਤੀ ਹੈ ਜਿਹੜੀ ਕਿ:

i. ਬੀਜ ਐਕਟ, 1966 (1966 ਦਾ 54 ਵਾਂ) ਦੇ ਭਾਗ 5 ਤਹਿਤ ਘੋਸ਼ਿਤ ਕੀਤੀ ਹੋਵੇ: ਜਾਂ

ii. ਕਿਸਾਨੀ ਜਾਤੀ ਹੈ (ਜਿਵੇਂ ਕਿ ਉਹ ਜਾਤੀ ਜਿਹੜੀ ਕਿ ਰਵਾਇਤੀ ਤੌਰ ਤੇ ਕਾਸ਼ਤ ਕੀਤੀ ਜਾਂਦੀ ਹੈ ਅਤੇ ਕਿਸਾਨਾਂ ਦੇ ਖੇਤਾਂ ਵਿੱਚ ਉਹਨਾਂ ਦੁਆਰਾ ਹੀ ਉਸਦਾ ਵਿਕਾਸ ਹੋਇਆ ਹੈ ਜਾਂ ਜੰਗਲੀ ਅਨੁਰੂਪ ਹੈ ਜਾਂ ਕਿਸੇ ਜਾਤੀ ਦੀ ਖੇਤਰੀ ਕਿਸਮ (Land race) ਹੈ ਜਿਸ ਬਾਰੇ ਕਿਸਾਨਾਂ ਨੂੰ ਆਮ ਜਾਣਕਾਰੀ ਹੈ); ਜਾਂ

iii. ਅਜਿਹੀ ਜਾਤੀ ਹੈ ਜਿਸ ਬਾਰੇ ਜਨਤਾ ਵਿੱਚ ਆਮ ਜਾਣਕਾਰੀ ਹੈ ਜਾਂ,

iv. ਅਜਿਹੀ ਕੋਈ ਹੋਰ ਜਾਤੀ ਹੈ ਜਿਹੜੀ ਕਿ ਜਨਤਾ ਵਿੱਚ ਆਮ ਪ੍ਰਚਲਿਤ ਹੈ।

## 52. ਪੌਦਾ ਜਾਤੀ ਸੁਰੱਖਿਆ ਤੇ ਕਿਸਾਨੀ ਅਧਿਕਾਰ ਐਕਟ, 2001 ਤੇ ਤਹਿਤ 'ਕਿਸਾਨੀ ਜਾਤੀ' ਦਾ ਕੀ ਮਤਲਬ ਹੈ?

ਕਿਸਾਨੀ ਜਾਤੀ ਤੋਂ ਭਾਵ ਉਹ ਜਾਤੀ ਹੈ ਜਿਹੜੀ ਕਿ:

1. ਰਵਾਇਤੀ ਤੌਰ ਤੇ ਕਾਸ਼ਤ ਕੀਤੀ ਜਾਂਦੀ ਹੈ ਅਤੇ ਕਿਸਾਨਾਂ ਦੇ ਖੇਤਾਂ ਵਿੱਚ ਉਹਨਾਂ ਦੁਆਰਾ ਇਸਦਾ ਵਿਕਾਸ ਕੀਤਾ ਗਿਆ ਹੈ, ਜਾਂ
2. ਇੱਕ ਜੰਗਲੀ ਅਨੁਰੂਪ ਹੈ ਜਾਂ ਕਿਸੇ ਜਾਤੀ ਦੀ ਖੇਤਰੀ ਕਿਸਮ ਹੈ, ਜਿਸ ਬਾਰੇ ਕਿਸਾਨਾਂ ਨੂੰ ਆਮ ਜਾਣਕਾਰੀ ਹੈ।

ਇੱਥੇ ਕਿਸਾਨ ਤੋਂ ਭਾਵ ਕੋਈ ਵੀ ਅਜਿਹਾ ਵਿਅਕਤੀ ਹੈ ਜਿਹੜਾ ਕਿ:

(ੳ) ਫ਼ਸਲਾਂ ਦੀ ਖੇਤਾਂ ਵਿੱਚ ਖੁਦ ਕਾਸ਼ਤ ਕਰਦਾ ਹੈ ਜਾਂ

(ਅ) ਆਪਣੀ ਨਿਗਰਾਨੀ ਹੇਠ ਕਿਸੇ ਹੋਰ ਤੋਂ ਵਾਹੀ ਕਰਵਾ ਕੇ ਫ਼ਸਲਾਂ ਦੀ ਕਾਸ਼ਤ ਕਰਦਾ ਹੈ, ਜਾਂ

(ੲ) ਇਕੱਲਿਆਂ ਜਾਂ ਕਿਸੇ ਨਾਲ ਮਿਲਕੇ ਕਿਸੇ ਜੰਗਲੀ ਜਾਂ ਰਵਾਇਤੀ ਜਾਤੀ ਨੂੰ ਬਚਾ ਕੇ ਤੇ ਸਾਂਭ ਕੇ ਰੱਖਦਾ ਹੈ, ਜਾਂ ਫਿਰ ਜੰਗਲੀ ਜਾਂ ਰਵਾਇਤੀ ਜਾਤੀ ਦੇ ਲਾਹੇਵੰਦ ਗੁਣਾਂ ਨੂੰ ਛਾਂਟਕੇ, ਪਛਾਣਕੇ ਉਸਦੇ ਮੁੱਲ ਗੁਣਵਤਾ ਵਿੱਚ ਵਾਧਾ ਕਰਦਾ ਹੈ।

## 53. ਪੌਦਾ ਜਾਤੀ ਸੁਰੱਖਿਆ ਤੇ ਕਿਸਾਨੀ ਅਧਿਕਾਰ ਐਕਟ 2001 ਤੇ ਅਧੀਨ 'ਆਵੱਸ਼ਕ ਰੂਪ ਨਾਲ ਉਤਪੰਨ ਨਾਲ ਜਾਤੀ' (Essentially Derived Variety) ਤੋਂ ਕੀ ਭਾਵ ਹੈ?

'ਆਵਸ਼ੱਕ ਰੂਪ ਨਾਲ ਉਤਪੰਨ ਜਾਤੀ' ਉਹ ਜਾਤੀ ਹੈ ਜਿਹੜੀ ਕਿ ਪ੍ਰਬਲ ਤੌਰ ਤੇ ਕਿਸੇ ਹੋਰ ਜਾਤੀ (ਸੁਰੱਖਿਅਤ ਜਾਂ ਹੋਰ) ਤੋਂ ਉਤਪੰਨ ਹੋਈ ਹੈ ਅਤੇ ਇਹ ਬਾਕੀ ਸਾਰੇ ਪੱਖਾਂ ਤੋਂ ਆਰੰਭਕ ਜਾਤੀ ਨਾਲ ਮੇਲ ਖਾਦੀ ਹੈ ਸਿਵਾਏ ਗੁਣਾਂ ਦੇ ਫਰਕਾਂ ਤੋਂ ਜਿਹੜੇ ਉਤਪੰਨ ਦੀ ਕ੍ਰਿਆ ਦਾ ਨਤੀਜਾ ਹਨ। ਫਿਰ ਵੀ ਇਹ ਅਰੰਭਿਕ ਜਾਤੀ ਤੋਂ ਸਾਫ਼ ਤੌਰ ਤੇ ਨਿਖੇੜਨ/ ਵਖਰਾਉਣ ਯੋਗ ਹੈ।

## 54. 'ਨਵੀਨਤਾ' ਵਿਲੱਖਣਤਾ, ਇੱਕਸਾਰਤਾ ਅਤੇ ਸਥਿਰਤਾ' ਦੀ 'ਪੌਦਾ ਜਾਤੀ ਸੁਰੱਖਿਆ ਤੇ ਕਿਸਨੀ ਅਧਿਕਾਰ, 2001' ਦੇ ਅਧੀਨ ਕੀ ਪ੍ਰੀਭਾਸ਼ਾ ਹੈ?

(ੳ) **ਨਵੀਨਤਾ**: ਕੋਈ ਵੀ ਕਿਸਮ ਨਵੀਨ ਮੰਨੀ ਜਾਵੇਗੀ, ਜੇ ਪੌਦਾ ਪਾਲਕ ਜਾਂ ਉਸਦੇ ਉਤਰ ਅਧਿਕਾਰੀ ਵੱਲੋਂ ਜਾਂ ਫਿਰ ਉਹਨਾਂ ਦੀ ਸਹਿਮਤੀ ਨਾਲ, ਇਸ ਕਿਸਮ ਨੂੰ ਸੁਰੱਖਿਅਤ ਕਰਨ ਲਈ ਰਜਿਸਟਰਡ ਕਰਨ ਵਾਸਤੇ ਦਰਜ਼ ਕਰਵਾਈ ਗਈ ਦਰਖਾਸਤ ਮਿਤੀ ਤੋਂ ਇੱਕ ਸਾਲ ਪਹਿਲਾਂ ਤੱਕ ਭਾਰਤ ਵਿੱਚ ਜਾਂ ਫਿਰ ਛੇ ਸਾਲ (ਦਰੱਖਤਾਂ ਤੇ ਵੇਲਾਂ ਲਈ) ਅਤੇ ਚਾਰ ਸਾਲ (ਹੋਰ ਸਭਨਾਂ ਲਈ) ਪਹਿਲਾਂ ਤੱਕ ਭਾਰਤ ਤੋਂ ਬਾਹਰ, ਇਸ ਕਿਸਮ ਨੂੰ ਲਾਭ ਸਾਧਨ ਦੇ ਮਕਸਦ ਵਜੋਂ ਵਰਤਣ ਲਈ, ਇਸ ਕਿਸਮ ਦੀ ਉਪਜ ਜਾਂ ਇਸਦਾ ਕੋਈ ਸੰਚਾਰਨ ਪਦਾਰਥ ਨਾਂ ਤਾਂ ਵੇਚਿਆ ਗਿਆ ਹੋਵੇ, ਤੇ ਨਾਂ ਹੀ ਕਿਸੇ ਹੋਰ ਰੂਪ ਵਿੱਚ ਸੌਂਪਿਆਂ ਗਿਆ ਹੋਵੇ। ਪਰ ਇੱਥੇ ਇਹ ਜਿਕਰਯੋਗ ਹੈ, ਕਿ ਕਿਸੇ ਕਿਸਮ ਨੂੰ ਅਜਮਾਇਸ ਕਰਨ ਦੇ ਮਕਸਦ ਲਈ, ਵੇਚਣ ਤੋਂ ਬਿਨਾਂ ਕਿਸੇ ਦੇ ਅਧਿਕਾਰ ਉੱਪਰ ਕੋਈ ਪ੍ਰਭਾਵ ਨਹੀਂ ਪਾਉਂਦਾ।

(ਅ) **ਵਿਲੱਖਣਤਾ**: ਨਵੀਂ ਪੌਦਾਂ ਕਿਸਮ ਵਿਲੱਖਣ ਸਮਝੀ ਜਾਵੇਗੀ ਜੇ ਇਸਨੂੰ ਸੁਰੱਖਿਅਤ ਕਰਨ ਲਈ ਦਰਖਾਸਤ ਦਰਜ ਕਰਵਾਉਣ ਦੇ ਸਮੇਂ ਤੱਕ, ਇਹ ਕਿਸੇ ਵੀ ਮੁਲਕ ਵਿੱਚ ਆਮ ਜਾਣਕਾਰੀ ਵਾਲੀਆਂ ਕਿਸਮਾਂ ਤੋਂ ਘੱਟੋਂ-ਘੱਟ ਇੱਕ ਜ਼ਰੂਰੀ ਲੱਛਣ ਨਾਲ ਵਖਿਰਾਉਣ ਜਾਂ ਨਿਖੇੜਨ ਯੋਗ ਹੋਵੇ।

(ੲ) **ਇੱਕਸਾਰਤਾ** : ਨਵੀਂ ਪੌਦਾ ਕਿਸਮ ਇੱਕਸਾਰਤਾ ਦੀ ਕਸੌਟੀ ਪਾਸ ਕਰਦੀ ਸਮਝੀ ਜਾਵੇਗੀ ਜੇ ਉਹ ਕੁਝ ਇੱਕ ਤਬਦੀਲੀਆਂ ਨੂੰ ਛੱਡ ਕੇ, ਜਿਨ੍ਹਾਂ ਦੀ ਕਿ ਉਸਨੂੰ ਉਤਪੰਨ ਕਰਨ ਦੀ ਕ੍ਰਿਆ ਦੌਰਾਨ ਆਸ ਕੀਤੀ ਜਾ ਸਕਦੀ ਹੈ, ਬਾਕੀ, ਰਹਿੰਦੇ ਸਾਰੇ ਜ਼ਰੂਰੀ ਲੱਛਣਾ ਵਿੱਚ ਕਾਫੀ ਹੱਦ ਤੱਕ ਇਕਸਾਰਤਾ ਰੱਖਦੀ ਹੋਵੇ।

(ਸ) **ਸਥਿਰਤਾ** : ਨਵੀਂ ਪੈਦਾ ਕਿਸਮ ਸਥਿਰ ਮੰਨੀ ਜਾਵੇਗੀ ਜੇ ਉਹ ਦੁਬਾਰਾ-ਦੁਬਾਰਾ ਉਤਪੰਨ ਕਰਵਾਉਣ ਦੇ ਬਾਵਜੂਦ ਆਪਣੇ ਜ਼ਰੂਰੀ ਲੱਛਣਾ ਪੱਖੋਂ ਸਥਿਰ ਰਹੇ ਜਾਂ ਹਰੇਕ ਉਤਪੰਨ ਚੱਕਰ ਦੇ ਅੰਤ ਵਿੱਚ ਸਥਿਰ ਰਹੇ, ਜੇ ਕਿਸੇ ਅਜਿਹੇ ਹਾਲਾਤ ਵਿੱਚ ਪਰਖੀ ਜਾਂਦੀ ਹੋਵੇ।

(ਹ) **ਪੌਦਾ ਜਾਤੀ ਜ਼ਰੂਰੀ ਨਾਮਕਰਣ :** ਉੱਪਰ ਦੱਸੇ ਚਾਰ ਮਾਪਦੰਡ ਪੂਰੇ ਕਰਨ ਤੋਂ ਬਾਅਦ ਹਰੇਕ ਦਰਖਾਸਤ ਕਰਤਾ ਨੂੰ ਆਪਣੀ ਰਜਿਸਟਰ ਕਰਵਾਉਣ ਵਾਲੀ ਪੌਦਾ ਕਿਸਮ ਲਈ ਇੱਕ ਤੇ ਵਿਲੱਖਣ ਨਾਮਕਰਨ ਦੇਣਾ ਪਵੇਗਾ।

## 55. ਕਿਸਾਨੀ ਅਧਿਕਾਰ (Farmer's Rights) ਕੀ ਹਨ?

ਇਸ ਕਾਨੂੰਨ ਅਨੁਸਾਰ ਕਿਸਾਨੀ ਅਧਿਕਾਰ ਹੇਠ ਲਿਖੇ ਅਨੁਸਾਰ ਹਨ।

1. ਜੇ ਕਿਸਾਨ ਨੇ ਕੋਈ ਨਵੀਂ ਕਿਮਸ ਉਤਪੰਨ ਜਾਂ ਵਿਕਸਿਤ ਕੀਤੀ ਹੈ, ਉਹ ਇਸ ਕਾਨੂੰਨ ਤਹਿਤ ਦੂਜੇ ਪੌਦਾ ਪਾਲਕਾਂ (Breeders) ਤਰ੍ਹਾਂ ਉਸ ਕਿਸਮ ਨੂੰ ਰਜਿਸਟਰ ਕਰਵਾਉਣ ਤੇ ਹੋਰ ਸੁਰੱਖਿਆ ਲੈਣ ਦਾ ਹੱਕਦਾਰ ਹੈ।

2. ਦਰਖਾਸਤਕਰਤਾ ਵੱਲੋਂ ਆਪਣੀ ਦਰਖਾਸਤ ਵਿੱਚ, ਕਾਨੂੰਨ ਦੇ ਭਾਗ18 ਦੇ ਉਪ-ਭਾਗ (1) ਤੇ ਖੰਡ (h) ਅਨੁਸਾਰ, ਖਾਸ ਘੋਸ਼ਣਾ ਕਰਨ ਤੋਂ ਬਾਅਦ ਕਿਸਾਨੀ ਕਿਸਮਾਂ ਵੀ ਰਜਿਸਟਰੇਸ਼ਨ ਦੇ ਯੋਗ ਹਨ।

3. ਜੇ ਕਿਸਾਨ ਵਪਾਰਕ ਪੌਦਿਆਂ ਦੀਆਂ ਖੇਤਰੀ ਕਿਸਮਾਂ (land race) ਜਾਂ ਜੰਗਲੀ ਅਨੁਰੂਪਾਂ ਦੇ ਜਵਨਿਕ ਸਰੋਤਾਂ ਦੀ ਸੰਭਾਲ ਵਿੱਚ ਰੁਜਿਆ ਹੋਇਆ ਹੈ ਜਾਂ ਉਹ ਚੋਣ ਅਤੇ ਸੰਭਾਲ ਦੁਆਰਾਂ ਉਹਨਾਂ ਦੀ ਨਸਲ-ਸੁਧਾਰ ਲਈ ਕੰਮ ਕਰ ਰਿਹਾ ਹੈ, ਤਾਂ ਉਹ ਨਿਰਧਾਰਿਤ ਨਿਯਮਾਂ ਅਨੁਸਾਰ ਜੀਨ-ਫੰਡ ਵਿੱਚੋਂ ਇਨਾਮ ਤੇ ਮਾਨਤਾ ਦਾ ਹੱਕਦਾਰ ਹੈ। ਪਰ ਸ਼ਰਤ ਇਹ ਹੈ ਕਿ ਇਸ ਕਾਨੂੰਨ ਤਹਿਤ ਰਜਿਸਟਰ ਕੀਤੀਆਂ ਜਾ ਸਕਣ ਵਾਲੀਆਂ ਕਿਸਮਾਂ ਵਿੱਚ ਉਹ ਪਦਾਰਥ (ਜਿਹੜਾ ਚੁਣਿਆ ਤੇ ਸਾਂਭਿਆ ਗਿਆ ਸੀ) ਜਣਨਿਕ ਤੱਤ ਦਾਨੀ ਦੇ ਰੂਪ ਵਿੱਚ ਵਰਤਿਆ ਗਿਆ ਹੋਵੇ।

4. ਕਿਸਾਨ ਆਪਣੀ ਉਪਜ ਨੂੰ (ਐਕਟ ਤਹਿਤ ਸੁਰੱਖਿਆ ਕੀਤੀਆਂ ਗਈਆਂ ਕਿਸਮਾਂ ਦੇ ਬੀਜ ਸਮੇਤ) ਸਾਂਭਣ, ਜਮਾਂ ਕਰਨ, ਵਰਤਣ, ਬੀਜਣ, ਦੁਬਾਰਾ ਬੀਜਣ, ਕਿਸੇ ਨਾਲ ਵਟਾਉਣ, ਸਾਂਝੀ ਕਰਨ ਜਾਂ ਵੇਚਣ ਦਾ ਹੱਕਦਾਰ ਉਵੇਂ ਹੀ ਹੈ ਜਿਵੇਂ ਉਹ ਇਸ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਸੀ।

ਨੋਟ: ਚਿੰਨਤ (ਬਰੈਂਡਡ) ਬੀਜ ਤੋਂ ਭਾਵ ਕੋਈ ਅਜਿਹਾ ਬੀਜ ਹੈ ਜਿਸਨੂੰ ਕਿ ਕਿਸੇ ਪੈਕ ਜਾਂ ਕੋਈ ਹੋਰ ਪੋਟਲੀ ਅੰਦਰ ਪਾਇਆ ਗਿਆ ਹੈ ਅਤੇ ਇਸ ਤਰੀਕੇ ਨਾਲ ਲੈਵਲ ਕੀਤਾ ਹੋਇਆ ਹੈ ਕਿ ਉਹ ਕਾਨੂੰਨ ਸੁਰੱਖਿਆ ਕਿਸਮ ਦੇ ਬੀਜ ਦਾ ਸੰਕੇਤ ਦਿੰਦਾ ਹੈ।

ਇਸ ਤੋਂ ਇਲਾਵਾ ਜੇ ਕਿਸੇ ਪੌਦਾ ਕਿਸਮ (ਜੋ ਇਸ ਕਾਨੂੰਨ ਦੇ ਤਹਿਤ ਰਜਿਸਟਰਡ ਕੀਤੀ ਗਈ ਹੈ) ਦਾ ਉਤਪੰਨ ਪਦਾਰਥ (Propagating material) ਕਿਸੇ ਕਿਸਾਨ ਨੂੰ ਜਾਂ ਕਿਸਾਨਾਂ ਦੇ ਸਮੂਹ ਨੂੰ ਜਾਂ ਕਿਸਾਨਾਂ ਦੀ ਕਿਸੇ ਸੰਸਥਾ ਨੂੰ ਵੇਚਿਆ ਗਿਆ ਹੈ ਤਾਂ ਉਸ ਪੌਦਾ ਕਿਸਮ ਦਾ ਪਾਲਕ (Breeder) ਉਸ ਕਿਸਮ ਦੀ ਖਾਸ ਹਾਲਤਾਂ ਵਿੱਚ ਸੰਭਾਵੀ ਕਾਰਗੁਜਾਰੀ ਬਾਰੇ ਖੁਲਾਸਾ ਸੰਬੰਧਿਤ ਖਰੀਦਦਾਰ ਨੂੰ ਕਰੇਗਾ। ਜੇ ਉਹ ਕਿਸਮ ਦੱਸੀਆਂ ਗਈਆਂ ਖਾਸ ਹਾਲਤਾਂ ਅੰਦਰ ਸੰਭਾਵੀ ਕਾਰਗੁਜਾਰੀ ਨੂੰ ਸਾਬਤ ਕਰਨ ਵਿੱਚ ਨਾਕਾਮ ਹੋ ਜਾਂਦੀ ਹੈ ਤਾਂ ਸੰਬੰਧਿਤ ਕਿਸਾਨ ਜਾਂ ਕਿਸਾਨਾਂ ਦਾ ਸਮੂਹ ਜਾਂ ਕਿਸਾਨਾਂ ਦੀ ਸੰਸਥਾ, ਇਸ ਕਾਨੂੰਨ ਮੁਤਾਬਿਕ ਅਥਾਰਟੀ ਦੇ ਰਾਹੀ ਮੁਆਵਜ਼ੇ ਦੀ ਮੰਗ ਕਰ ਸਕਦੀ ਹੈ। ਇਸ ਉਪਰੰਤ ਅਥਾਰਟੀ ਨਿਰਧਾਰਿਤ ਵਿਧੀ ਅਨੁਸਾਰ ਪੌਦਾਂ ਪਾਲਕ ਨੂੰ ਸੂਚਨਾ ਭੇਜਣ ਤੇ ਉਸਨੂੰ ਇਤਰਾਜ ਪੇਸ਼ ਕਰਨ ਲਈ ਮੌਕਾ ਦੇਣ ਅਤੇ ਦੋਨਾਂ ਧਿਰਾਂ ਨੂੰ ਸੁਣਨ ਉਪਰੰਤ, ਆਪਣਾ ਫ਼ੈਸਲਾ ਦਿੰਦੀ ਹੈ। ਉਹ ਮਸਲੇ ਦੇ ਤੱਥਾਂ ਅਨੁਸਾਰ ਸਬੰਧਿਤ ਧਿਰ ਨੂੰ ਮੁਆਵਜ਼ਾ ਦੇਣ ਲਈ ਆਦੇਸ਼ ਦੇ ਸਕਦੀ ਹੈ।

## 56. ਕਿਹੜੀਆਂ-ਕਿਹੜੀਆਂ ਪੌਦਿਆਂ ਦੀਆਂ ਕਿਸਮਾਂ ਇਸ ਕਾਨੂੰਨ ਅਨੁਸਾਰ ਰਜਿਸਟਰ ਹੋਣ ਯੋਗ ਨਹੀਂ ਹਨ?

ਉਹ ਕਿਸਮਾਂ ਰਜਿਸਟਰਡ ਹੋਣ ਯੋਗ ਨਹੀਂ ਹਨ :

1. ਜਿਹੜੀਆਂ ਕਿ ਸਨਾਖਤ ਯੋਗ ਨਹੀਂ ਹਨ, ਜਾਂ

2. ਜਿਹੜੀਆਂ ਸਿਰਫ ਸੰਖਿਆ ਦੀਆਂ ਬਣੀਆਂ ਹਨ, ਜਾਂ

3. ਜਿਹੜੀਆਂ ਕਿ ਕਿਸੇ ਨੂੰ ਪੌਦੇ ਦੀ ਕਿਸਮ ਦੀ ਪਛਾਣ ਜਾਂ ਪੌਦਾ ਪਾਲਕ ਦੀ ਪਛਾਣ ਜਾਂ ਪੌਦੇ ਦੇ ਲੱਛਣਾ ਤੇ ਮੁੱਲ ਆਦਿ ਲਈ ਗੁਮਰਾਹ ਜਾਂ ਭੁਲੇਖਾ ਪਾਉਣ ਦੇ ਯੋਗ ਹੋਣ।

4. ਜਿਹੜੀਆਂ ਕਿ ਜਨਤਾ ਵਿੱਚ ਕਿਸਮ ਦੀ ਪਛਾਣ ਪ੍ਰਤੀ ਧੋਖਾ ਦੇਣ ਜਾਂ ਉਲਝਣ ਪੈਦਾ ਕਰਨ ਦੀਆਂ ਸੰਭਾਵਨਾਵਾਂ ਰੱਖਦੀਆਂ ਹੋਣ।

5. ਜਿਨ੍ਹਾਂ ਵਿੱਚ ਕੋਈ ਅਜਿਹੇ ਅੰਸ਼ ਹੋਣ ਜਿਸ ਨਾਲ ਭਾਰਤ ਦੇ ਨਾਗਰਿਕਾਂ ਦੇ ਕਿਸੇ ਭਾਗ ਜਾਂ ਸ਼੍ਰੇਣੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ।

6. ਜਿਸ ਦੇ ਨਾਮ ਜਾਂ ਨਿਸ਼ਾਨੀ ਵਜੋਂ ਵਰਤਣ ਦੀ ਮਨਾਹੀ ਹੋਵੇ।

7. ਜਿਹੜੀ ਪੂਰੀ ਜਾਂ ਥੋੜ੍ਹੀ, ਕਿਸੇ ਭੂਗੋਲਿਕ ਖੇਤਰ ਦੇ ਨਾਮ ਤੋਂ ਬਣੀ ਹੋਵੇ।

## 57. ਪੌਦਾ ਜਾਤੀ ਰਜਿਸਟਰੇਸ਼ਨ ਦੀ ਮਿਆਦ ਕਿੰਨੀ ਹੈ?

1. ਦਰੱਖਤਾਂ ਤੇ ਵੇਲਾਂ ਲਈ : ਰਜਿਸਟਰੇਸ਼ਨ ਦੀ ਤਰੀਖ ਤੋਂ 18 ਸਾਲ ਤੱਕ।
2. ਪ੍ਰਚਲਿਤ ਕਿਸਮਾਂ ਲਈ : ਭਾਰਤ ਸਰਕਾਰ ਦੇ ਬੀਜ ਐਕਟ, 1966 ਦੇ ਤਹਿਤ ਭਾਗ 5 ਅਧੀਨ ਕਿਸਮ ਦੀ ਘੋਸ਼ਣਾ ਮਿਤੀ ਤੋਂ 15 ਸਾਲ ਤੱਕ।
3. ਬਾਕੀ ਸਾਰੀਆਂ ਹਾਲਤਾਂ ਵਿੱਚ : ਰਜਿਸਟਰੇਸ਼ਨ ਦੀ ਤਾਰੀਖ ਤੋਂ 15 ਸਾਲ ਤੱਕ।

ਸ਼ੁਰੂ ਵਿੱਚ ਇਹ ਰਜਿਸਟਰੇਸ਼ਨ 9 ਸਾਲ (ਦਰੱਖਤਾਂ ਤੇ ਵੇਲਾਂ ਲਈ) ਤੇ 6 ਸਾਲ (ਦੂਜੀਆਂ ਕਿਸਮਾਂ ਲਈ) ਪ੍ਰਮਾਣਿਤ ਕੀਤੀ ਜਾਂਦੀ ਹੈ। ਜਿਹੜੀ ਕਿ ਬਾਕੀ ਰਹਿੰਦੇ ਸਮੇਂ ਲਈ ਨਿਯਮਾਂ ਅਨੁਸਾਰ ਨਿਰਧਾਰਿਤ ਫੀਸ ਭਰ ਕੇ ਨਵਿਆਉਣ ਯੋਗ ਹੁੰਦੀ ਹੈ।

## 58. ਪੌਦੇ ਦੀਆਂ ਕਿਸਮਾਂ ਨੂੰ ਇਸ ਐਕਟ ਦੇ ਅੰਤਰ ਦੇ ਅੰਤਰਗਤ ਰਜਿਸਟਰ ਕਰਵਾਉਣ ਲਈ ਕਿੰਨੇ ਖਰਚੇ ਹਨ?

| ਕ੍ਰਮ ਨੰਬਰ | ਵੇਰਵਾ | ਫੀਸ (ਰੁਪਏ ਵਿੱਚ) |
|---|---|---|
| 1. | ਪਰਖ ਕਰਨ ਲਈ | ਇਹ ਪਰਖ ਦੀ ਕਿਸਮ ਤੇ ਵਰਗ ਅਨੁਸਾਰ ਪਰ ਇਹ ਵੱਧੋ-ਵੱਧ 50000/-ਪ੍ਰਤੀ ਅੰਦਰਾਜ ਹੋ ਸਕਦੀ ਹੈ। |
| 2. | 'ਆਵੱਸ਼ਕ ਰੂਪ ਨਾਲ ਉਤਪੰਨ ਜਾਤੀਆਂ (Essentially) derived varieties) ਦੀ ਰਜਿਸਟਰੇਸ਼ਨ ਫੀਸ | ਵਿਅਕਤੀ ਲਈ 5000/-<br>ਵਿਦਿਅਕ ਲਈ ਸੰਸਥਾ: 7,000/-<br>ਵਪਾਰਕ ਸੰਸਥਾ ਲਈ: 10,000/– |
| 3. | ਨਵਿਆਉਣ ਲਈ ਫੀਸ | ਵਿਅਕਤੀਗਤ ਲਈ 5000/- ਪ੍ਰਤੀ<br>ਵਿਦਿਅਕ ਸੰਸਥਾ ਲਈ 7000/- ਹਰ<br>ਵਪਾਰਕ ਸੰਸਥਾ ਲਈ 10,000/- ਸਾਲ |
| 4. | ਲਾਭ ਚ ਹਿੱਸੇਦਾਰੀ (Benefit Sharing) ਲਈ ਦਰਖਾਸਤ ਦੇਣ ਲਈ ਫੀਸ | 5000/- |

## 59. ਯੂ.ਪੀ.ਓ.ਵੀ. (UPOV) ਕੀ ਹੈ?

ਯੂ.ਪੀ.ਓ.ਵੀ. (UPOV)– ਯੂਨੀਅਨ ਪੌਰ ਲਾ ਪ੍ਰੋਟੈਕਸ਼ਨ ਦਿਸ ਓਬਟੈਨਸ਼ਿਅਸ ਵੇਜੀਟੇਬਲਜ (ਯੂਨੀਅਨ ਫਾਰ ਪ੍ਰੋਟੈਕਸ਼ਨ ਆਫ਼ ਨਿਊ ਵਰਾਇਟੀਜ਼ ਆਫ਼ ਪਲਾਂਟਸ) ਦਾ ਸੰਖੇਪ ਨਾਂ ਹੈ। ਭਾਵ ਯੂ. ਪੀ.ਓ. ਵੀ. ਦਾ ਮਤਲਬ ਹੈ– ਪੌਦਿਆਂ ਦੀਆਂ ਨਵੀਆਂ ਕਿਸਮਾਂ ਦੀ ਸੁਰੱਖਿਆ ਵਾਸਤੇ ਸੰਗਠਨ। ਇਹ ਇੱਕ ਅੰਤਰਰਾਸ਼ਟਰੀ ਕਨਵੈਨਸ਼ਨ ਹੈ ਜਿਸ ਦੇ ਤਹਿਤ ਇਸ ਦੇ ਮੈਂਬਰ ਮੁਲਕਾਂ ਵਿੱਚ ਪੌਦਿਆਂ ਦੀਆਂ ਕਿਸਮਾਂ ਦੀ ਪੜਤਾਲ ਲਈ ਸਾਂਝਾ ਆਧਾਰ ਮੁਹੱਈਆ ਕਰਵਾਇਆ ਗਿਆ ਹੈ। ਇਹ ਤਹਿ ਕਰਦੀ ਹੈ ਕਿ ਕੀ ਪੌਦੇ ਦੀ ਕੋਈ ਕਿਸਮ ਯੂ.ਪੀ.ਓ. ਅਧੀਨ ਸੁਰੱਖਿਆ ਦੀ ਹੱਕਦਾਰ ਹੈ ਜਾਂ ਨਹੀਂ।

## 60. ਕਾਪੀਰਾਈਟ ਅਧੀਨ ਵਿਭਿੰਨ ਕਿਸਮਾਂ ਦੇ ਕਿਹੜੇ ਕੰਮ ਆਉਂਦੇ ਹਨ?

ਕਾਪੀਰਾਈਟ ਦੇ ਘੇਰੇ ਵਿੱਚ ਹੇਠ ਲਿਖੇ ਕੰਮ ਆਉਂਦੇ ਹਨ।

1. ਸਾਹਿਤਕ (ਲਿਟਰੇਰੀ), ਡਰਾਮੈਟਿਕ ਅਤੇ ਸੰਗੀਤਕ (ਮਿਊਜ਼ੀਕਲ) ਕੰਮ। ਕੰਪਿਊਟਰ ਪਰੋਗਰਾਮ/ਸਾਫ਼ਟਵੇਅਰ ਲਿਟਰੇਰੀ ਕੰਮ ਦੀ ਪਰਿਭਾਸ਼ਾ ਵਿੱਚ ਆ ਜਾਂਦੇ ਹਨ।

2. ਕਲਾਤਮਕ (ਆਰਟਿਸਟਕ) ਕੰਮ।

3. ਸਿਨੇਮਾਟੋਗ੍ਰਾਫਿਕ ਫ਼ਿਲਮ ਜਿਸ ਵਿੱਚ ਸਾਊਂਡ ਟਰੈਕ ਅਤੇ ਵੀਡੀਓ ਫ਼ਿਲਮ, ਸ਼ਾਮਲ ਹਨ।

4. ਕੋਈ ਰਿਕਾਰਡ ਡਿਸਕ, ਟੇਪ, ਪਰਫੋਰੇਟਡ ਰੋਲ ਜਾਂ ਹੋਰ ਉਪਕਰਣ।

## 61. ਕਾਪੀਰਾਈਟ ਧਾਰਕ ਦੇ ਕੀ ਅਧਿਕਾਰ ਹਨ? (ਜਿਹਨਾਂ ਨੂੰ ਤੋੜਨ ਤੇ ਕਾਨੂੰਨ ਦੀ ਉਲੰਘਣਾ ਮੰਨਿਆ ਜਾਂਦਾ ਹੈ ?)

ੳ) ਕੰਪਿਊਟਰ ਪ੍ਰੋਗਰਾਮ ਦੇ ਇਲਾਵਾ ਕਿਸੇ ਵੀ ਸਾਹਿਤਕ, ਡਰਾਮੈਟਿਕ ਜਾਂ ਸੰਗੀਤਕ (ਮਿਊਜ਼ੀਕਲ) ਕਾਰਜ ਵਿੱਚ-

1. ਕਿਸੇ ਵੀ ਭੌਤਿਕ ਪਦਾਰਥਕ ਰੂਪ ਵਿੱਚ ਕਿਸੇ ਵੀ ਕਾਰਜ ਦੀ ਨਕਲ ਕਰਨਾ, ਜਿਸ ਵਿੱਚ ਇਸ ਨੂੰ ਇਲੈਕਟਰੋਨਿਕ ਸਾਧਨਾਂ ਰਾਹੀਂ ਕਿਸੇ ਵੀ ਮਾਧਿਅਮ ਵਿੱਚ ਭੰਡਾਰ ਕਰਨਾ ਵੀ ਸ਼ਾਮਲ ਹੈ;

2. ਕਿਸੇ ਵੀ ਕਾਰਜ ਦੀਆਂ ਕਾਪੀਆਂ ਲੋਕਾਂ ਵਿੱਚ ਜਾਰੀ ਕਰਨੀਆਂ ਜਿਹੜੀਆਂ ਪਹਿਲਾਂ ਸਰਕੂਲੇਸ਼ਨ ਵਿੱਚ ਨਾ ਹੋਣ;

3. ਕਿਸੇ ਕਾਰਜ ਨੂੰ ਜਨਤਾ ਵਿੱਚ ਪੇਸ਼ ਕਰਨਾ ਜਾਂ ਜਨਤਾ ਤੱਕ ਉਸ ਦਾ ਸੰਚਾਰ ਕਰਨਾ;

4. ਕਿਸੇ ਵੀ ਕਾਰਜ ਬਾਰੇ ਕੋਈ ਸਿਨੇਮਾਟੋਗਰਾਫ਼ ਫ਼ਿਲਮ ਜਾਂ ਸਾਊਂਡ ਰਿਕਾਰਡਿੰਗ ਬਣਾਉਣਾ;

5. ਕਿਸੇ ਕਾਰਜ ਦਾ ਅਨੁਵਦ ਕਰਨਾ;

6. ਕਿਸੇ ਕਾਰਜ ਨੂੰ ਬਦਲਵੇਂ ਰੂਪ ਵਿੱਚ ਅਪਣਾਉਣਾ;

7. ਕਿਸੇ ਵੀ ਕਾਰਜ ਦੇ ਅਨੁਵਾਦ ਜਾਂ ਬਦਲਵੇਂ ਰੂਪ ਵਿੱਚ ਅਪਣਾਉਣ ਦੇ ਸਬੰਧੀ ਇਸ ਕਾਰਜ ਬਾਰੇ ਉਪ-ਧਾਰਾ (1) ਤੋਂ (6) ਤੱਕ ਦਰਜ ਕੋਈ ਵੀ ਕੰਮ ਕਰਨਾ;

ਅ) ਕੰਪਿਊਟਰ ਪ੍ਰੋਗਰਾਮ ਦੇ ਮਾਮਲੇ ਵਿੱਚ-

1. ਧਾਰਾ (ੳ) ਵਿੱਚ ਦਰਜ਼ ਕੋਈ ਵੀ ਕੰਮ ਕਰਨਾ;

2. ਕੰਪਿਊਟਰ ਪਰੋਗਰਾਮ ਦੀ ਕਾਪੀ ਵੇਚਣਾ ਜਾਂ ਕਿਰਾਏ ਤੇ ਦੇਣਾ, ਜਾਂ ਵੇਚਣ ਜਾਂ ਕਿਰਾਏ ਤੇ ਦੇਣ ਲਈ ਤਜ਼ਵੀਜ਼ ਕਰਨਾ ਭਾਵੇਂ ਕਿ ਅਜਿਹੀ ਕਾਪੀ ਪਹਿਲਾਂ ਕਿਸੇ ਅਵਸਰ ਤੇ ਵੇਚੀ ਜਾ ਕਿਰਾਏ ਤੇ ਦਿੱਤੀ ਗਈ ਹੋਵੇ;

ੲ) ਕਲਾਤਮਿਕ ਕਾਰਜ ਦੇ ਮਾਮਲੇ ਵਿੱਚ

1. ਕਿਸੇ ਵੀ ਕਾਰਜ ਨੂੰ ਕਿਸੇ ਵੀ ਭੌਤਿਕ ਰੂਪ ਵਿੱਚ ਦੋਬਾਰਾ ਬਣਾਉਣਾ, ਤਿੰਨ-ਸੀਮਾਵੀ ਕਾਰਜ ਨੂੰ ਦੋ-ਸੀਮਾਵੀ ਜਾਂ ਦੋ ਸੀਮਾਵੀ ਕਾਰਜ ਨੂੰ ਤਿੰਨ-ਸਿਮਾਵੀ ਬਣਾਕੇ ਪ੍ਰਸਤੁਤ ਕਰਨਾ ਵੀ ਇਸ ਵਿੱਚ ਸ਼ਾਮਲ ਹੈ;

2. ਕਾਰਜ ਦਾ ਲੋਕਾਂ ਵਿੱਚ ਸੰਚਾਰ ਕਰਨਾ;

3. ਜਨਤਾ ਵਿੱਚ ਕਾਪੀਆਂ ਜਾਰੀ ਕਰਨਾ ਜਿਹੜੀਆਂ ਕਾਪੀਆਂ ਪਹਿਲਾਂ ਸਰਕੂਲੇਸ਼ਨ ਵਿੱਚ ਨਾ ਹੋਣ;

4. ਕਿਸੇ ਵੀ ਸਿਨੇਮਾਟੋਗਰਾਫ਼ ਫ਼ਿਲਮ ਵਿੱਚ ਕਾਰਜ ਨੂੰ ਸ਼ਾਮਲ ਕਰਨਾ;

5. ਬਦਲਵੇਂ ਰੂਪ ਵਿੱਚ ਕਾਰਜ ਨੂੰ ਅਪਣਾਉਣਾ;

6. ਬਦਲਵੇਂ ਰੂਪ ਅਪਣਾਉਣ ਦੇ ਵਾਸਤੇ ਉਪ-ਧਾਰਾ 1 ਤੋਂ 4 ਤੱਕ ਦਰਜ ਕੋਈ ਵੀ ਕੰਮ ਕਰਨਾ;

ਸ) ਸਿਨੇਮਾਟੋਗਰਾਫ ਫਿਲਮ ਦੇ ਮਾਮਲੇ ਵਿੱਚ-

1. ਕਿਸੇ ਫ਼ਿਲਮ ਦੇ ਕਾਪੀ ਬਣਾਉਣਾ ਜਿਸ ਵਿੱਚ ਇਸਦੇ ਕਿਸੇ ਵੀ ਭਾਗ ਵਿੱਚੋਂ ਕਿਸੇ ਵੀ ਰੂਪਕ ਦੀ ਫੋਟੋਗਰਾਫ਼ ਲੈਣਾ ਵੀ ਸ਼ਾਮਲ ਹੈ;

2. ਫ਼ਿਲਮ ਦੀ ਕਾਪੀ ਨੂੰ ਵੇਚਣਾ ਜਾਂ ਕਿਰਾਏ ਤੇ ਦੇਣਾ, ਜਾਂ ਵੇਚਣ ਜਾਂ ਕਿਰਾਏ ਤੇ ਦੇਣ ਦੀ ਤਜ਼ਵੀਜ਼ ਕਰਨਾ ਭਾਵੇਂ ਕਿ ਪਹਿਲਾਂ ਕਿਸੇ ਅਵਸਰ ਤੇ ਕਾਪੀ ਵੇਚੀ ਜਾਂ ਕਿਰਾਏ ਤੇ ਦਿੱਤੀ ਗਈ ਹੋਵੇ;

3. ਜਨਤਾ ਵਿੱਚ ਫ਼ਿਲਮ ਦਾ ਸੰਚਾਰ ਕਰਨਾ;

ਹ) ਸਾਊਂਡ ਰਿਕਾਰਡਿੰਗ ਦੇ ਮਾਮਲੇ ਵਿੱਚ

1. ਇਸ ਦੇ ਨਾਲ ਹੀ ਕੋਈ ਹੋਰ ਸਾਊਂਡ ਰਿਕਾਰਡਿੰਗ ਬਣਾਉਣਾ;
2. ਸਾਊਂਡ ਰਿਕਾਰਡਿੰਗ ਦੀ ਕਾਪੀ ਨੂੰ ਵੇਚਣਾ ਜਾਂ ਕਿਰਾਏ ਤੇ ਦੇਣਾ, ਜਾਂ ਵੇਚਣ ਜਾਂ ਕਿਰਾਏ ਤੇ ਦੇਣ ਦੀ ਤਜ਼ਵੀਜ਼ ਕਰਨਾ ਭਾਵੇਂ ਕਿ ਪਹਿਲਾਂ ਕਿਸੇ ਵੀ ਅਵਸਰ ਤੇ ਕਾਪੀ ਵੇਚੀ ਜਾਂ ਕਿਰਾਏ ਤੇ ਦਿੱਤੀ ਹੀ ਗਈ ਹੋਵੇ;
3. ਜਨਤਾ ਵਿੱਚ ਸਾਊਂਡ ਰਿਕਾਰਡਿੰਗ ਦਾ ਸੰਚਾਰ ਕਰਨਾ;

ਵਿਆਖਿਆ:- ਇਸ ਸੈਕਸ਼ਨ ਦੇ ਮੰਤਵ ਲਈ, ਜਿਹੜੀ ਕਾਪੀ ਇੱਕ ਵਾਰੀ ਵੇਚੀ ਜਾ ਚੁੱਕੀ ਹੋਵੇਗੀ ਉਸਨੂੰ ਪਹਿਲਾਂ ਹੀ ਸਰਕੂਲੇਸ਼ਨ ਵਿੱਚ ਮੰਨਿਆ ਜਾਏਗਾ।

## 62. ਕਾਪੀਰਾਈਟ ਦੇ ਉਦੇਸ਼ ਲਈ ਕੰਪਿਊਟਰ ਦੀ ਕੀ ਪ੍ਰੀਭਾਸ਼ਾ ਹੈ?

ਸੂਚਨਾ ਨੂੰ ਪ੍ਰੋਸੈਸ ਕਰਨ ਦੀਆਂ ਯੋਗਤਾਵਾਂ ਰੱਖਣ ਵਾਲਾ ਕੋਈ ਵੀ ਇਲੈਕਟਰੋਨਿਕ ਜਾਂ ਅਜਿਹਾ ਹੀ ਕੋਈ ਹੋਰ ਯੰਤਰ ਕੰਪਿਊਟਰ ਦੀ ਪ੍ਰੀਭਾਸ਼ਾ ਵਿੱਚ ਸ਼ਾਮਲ ਹੈ।

## 63. ਕੰਪਿਊਟਰ ਪ੍ਰੋਗਰਾਮ ਦੀ ਕੀ ਪ੍ਰੀਭਾਸ਼ਾ ਹੈ?

ਉਹ ਹਦਾਇਤਾਂ ਜਿਹੜੀਆਂ ਸ਼ਬਦਾਂ, ਕੋਡ, ਸਕੀਮ ਜਾਂ ਕਿਸੇ ਵੀ ਹੋਰ ਰੂਪ ਵਿੱਚ ਪ੍ਰਗਟਾਈਆਂ ਗਈਆਂ ਹੋਣ, ਨੂੰ ਕੰਪਿਊਟਰ ਪ੍ਰੋਗਰਾਮ ਆਖਦੇ ਹਨ। ਇਸ ਵਿੱਚ ਉਹ ਮਾਧਿਅਮ ਵੀ ਸ਼ਾਮਲ ਹੈ ਜੋ ਮਸ਼ੀਨ ਰਾਹੀਂ ਪੜ੍ਹਨ ਯੋਗ ਹੋਵੇ ਜਿਹੜਾ ਕੰਪਿਊਟਰ ਤੋਂ ਕੋਈ ਵਿਸ਼ੇਸ਼ ਕਾਰਜ ਸੰਪਨ ਕਰਵਾਉਣ ਜਾਂ ਕੋਈ ਵਿਸ਼ੇਸ਼ ਪਰਿਣਾਮ ਪ੍ਰਾਪਤ ਕਰਵਾਉਣ ਦੇ ਸਮੱਰਥ ਹੋਵੇ।

## 64. ਕਾਪੀਰਾਈਟ ਦੀ ਮਿਆਦ ਕਿੰਨੀ ਹੁੰਦੀ ਹੈ?

(ੳ) ਜੇ ਕੋਈ ਲਿਟਰੇਰੀ ਰਚਨਾ ਲੇਖਕ ਦੇ ਜੀਵਨ ਕਾਲ ਵਿੱਚ ਹੀ ਪ੍ਰਕਾਸ਼ਿਤ ਹੋ ਜਾਂਦੀ ਹੈ ਤਾਂ ਉਸ ਦੀ ਮਿਆਦ ਲੇਖਕ ਦੀ ਜ਼ਿੰਦਗੀ ਭਰ ਲਈ ਅਤੇ ਉਸ ਦੀ ਮੌਤ ਤੋਂ ਬਾਅਦ 60 ਸਾਲ ਹੁੰਦੀ ਹੈ।

(ਅ) ਸਿਨੇਮਾਟੋਗਰਾਫ਼ ਫ਼ਿਲਮਾਂ, ਰਿਕਾਰਡਾਂ, ਫ਼ੋਟੋਗਰਾਫਾਂ, ਮਰਨ ਉਪਰੰਤ ਪ੍ਰਕਾਸ਼ਿਤ ਹੋਣ ਵਾਲੀਆਂ ਰਚਨਾਵਾਂ, ਬੇਨਾਮੀ ਪ੍ਰਕਾਸ਼ਨਾਵਾਂ, ਸਰਕਾਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੇ ਕਾਰਜਾਂ ਦੀ ਮਿਆਦ ਉਹਨਾਂ ਦੇ ਪ੍ਰਕਾਸ਼ਨਾਂ ਵਰ੍ਹੇ ਤੋਂ ਅਗਲੇ ਵਰ੍ਹੇ ਆਰੰਭ ਹੋਣ ਵਾਲੇ ਜੰਤਰੀ ਸਾਲ ਤੋਂ 60 ਸਾਲ ਹੁੰਦੀ ਹੈ।

(ੲ) ਕਿਸੇ ਪ੍ਰਸਾਰਣ ਲਈ ਇਸਦੀ ਮਿਆਦ ਇਸ ਪ੍ਰਸਾਰਣ ਦੇ ਬਣਨ ਵਾਲੇ ਵਰ੍ਹੇ ਤੋਂ ਬਾਅਦ ਅਗਲੇ ਵਰ੍ਹੇ ਅਰੰਭ ਹੋਣ ਵਾਲੇ ਜੰਤਰੀ ਸਾਲ ਤੋਂ 25 ਸਾਲ ਤੱਕ ਹੁੰਦੀ ਹੈ।

## 65. ਕੰਪਿਊਟਰ ਪ੍ਰੋਗਰਾਮ ਦਾ ਕਾਪੀਰਾਈਟ ਲੈਣ ਲਈ ਕੀ ਉਸ ਪ੍ਰੋਗਰਾਮ ਨਾਲ ਸਬੰਧਿਤ ਸਾਰੇ ਹੋਰ ਦਸਤਾਵੇਜ਼ ਵੀ ਜਮ੍ਹਾਂ ਕਰਵਾਉਣੇ ਜ਼ਰੂਰੀ ਹੁੰਦੇ ਹਨ?

ਕਿਸੇ ਕੰਪਿਊਟਰ ਪ੍ਰੋਗਰਾਮ ਦੇ ਨਾਲ ਭੇਜੇ ਜਾਂਦੇ ਦਸਤਾਵੇਜ਼ ਆਮ ਤੌਰ ਤੇ ਇੱਕ ਵੱਖਰਾ ਕਾਰਜ ਮੰਨੇ ਜਾਂਦੇ ਹਨ ਅਤੇ ਇਸ ਕਰ ਕੇ ਜੇ ਉਹ ਰਜਿਸਟਰ ਕਰਵਾਉਣੇ ਹੋਣ ਤਾਂ ਉਹਨਾਂ ਨੂੰ ਵੱਖਰੇ ਤੌਰ ਤੇ ਰਜਿਸਟਰ ਕਰਵਾਇਆ ਜਾਂਦਾ ਹੈ ਇਹ ਇਕੋ ਦਰਖਾਸਤ ਰਾਹੀਂ ਕੰਪਿਊਟਰ ਪ੍ਰੋਗਰਾਮ ਦੇ ਨਾਲ ਹੀ ਰਜਿਸਟਰੇਸ਼ਨ ਨਹੀਂ ਕੀਤਾ ਜਾਏਗਾ।

## 66. ਜੇ ਕਿਸੇ ਕੰਪਨੀ ਦਾ ਮੁਲਾਜ਼ਮ ਕੋਈ ਪ੍ਰੋਗਰਾਮ ਵਿਕਸਤ ਕਰ ਲੈਂਦਾ ਹੈ, ਕੀ ਕਾਪੀਰਾਈਟ ਉਸ ਮੁਲਾਜ਼ਮ ਕੋਲੇ ਹੋਣਗੇ?

ਨਹੀਂ । ਆਪਣੀ ਨੌਕਰੀ ਜਾਂ ਕੰਟਰੈਕਟ ਜਾਂ ਅਪਰੇਂਟਿਸਸ਼ਿੱਪ ਦੌਰਾਨ ਬਣਾਏ ਗਏ ਕਿਸੇ ਵੀ ਪਰੋਗਰਾਮ ਦੇ ਕਾਪੀਰਾਈਟ ਸੱਭ ਤੋਂ ਪਹਿਲਾਂ ਉਸ ਦੇ ਮਾਲਕ ਦੇ ਹੋਣਗੇ। ਪਰ ਜੇ ਇਸ ਬਾਰੇ ਕੋਈ ਸਮਝੌਤਾ ਹੋਇਆ ਹੋਵੇ ਤਾਂ ਉਸ ਸਮਝੌਤੇ ਦੇ ਅਨੁਸਾਰ ਕਾਪੀਰਾਈਟ ਹੋਣਗੇ।

## 67. ਜੇ ਕੋਈ ਸੁਤੰਤਰ ਤੀਜੀ ਪਾਰਟੀ ਕਿਸੇ ਕੰਪਨੀ ਲਈ ਪ੍ਰੋਗਰਾਮ ਬਣਾਉਂਦੀ ਹੈ ਤਾਂ ਕਾਪੀਰਾਈਟਸ ਕਿਸ ਕੋਲ ਹੋਣਗੇ।

ਜੇ ਕੋਈ ਤੀਜੀ ਧਿਰ ਕਮਿਸ਼ਨ ਤੇ ਕਾਰਜ ਕਰਦੀ ਹੈ ਤਾਂ ਇਸ ਨਾਲ ਉਸ ਕਾਰਜ ਦੇ ਕਾਪੀਰਾਈਟ ਆਪਣੇ ਆਪ ਹੀ ਕਮਿਸ਼ਨ ਦੇਣ ਵਾਲੀ ਧਿਰ ਨੂੰ ਨਹੀਂ ਮਿਲ ਜਾਂਦੇ। ਜੇ ਤੀਜੀ ਧਿਰ ਸੁਤੰਤਰ ਕੰਟਰੈਕਟਰ ਹੈ, ਤਾਂ ਕਮਿਸ਼ਨ ਦੇਣ ਵਾਲੀ ਧਿਰ ਲਈ ਇਹ ਜ਼ਰੂਰੀ ਹੈ ਕਿ ਉਹ ਲਿਖਤੀ 'ਡੀਡ ਆਫ਼ ਅਸਾਈਨਮੈਂਟ' ਰਾਹੀ ਕਾਪੀਰਾਈਟ ਪ੍ਰਾਪਤ ਕਰੇ। ਇਹ ਇੱਕ ਬਹੁਤ ਹੀ ਆਮ ਗ਼ਲਤ ਧਾਰਨਾ ਹੈ ਕਿ ਕਾਪੀਰਾਈਟ ਆਪਣੇ ਆਪ ਹੀ ਕਮਿਸ਼ਨ ਦੇਣ ਵਾਲੀ ਧਿਰ ਨੂੰ ਮਿਲ ਜਾਂਦੇ ਹਨ। ਹਾਂ, ਜੇ ਕੋਈ ਮੁਲਾਜਮ ਆਪਣੀ ਸਰਵਿਸ ਦੇ ਕੰਟਰੈਕਟ ਅਧੀਨ ਕੋਈ ਕਾਰਜ ਵਿਕਸਤ ਕਰ ਲੈਂਦਾ ਹੈ ਤਾਂ ਉਸ ਦੇ ਅਧਿਕਾਰ ਮਾਲਕ ਕੋਲ ਹੁੰਦੇ ਹਨ।

## 68. ਕਾਪੀਰਾਈਟ ਹਸਤਾਂਤਰਤ (Transfer) ਕਰਨ ਦੇ ਕੀ ਨਿਯਮ ਹਨ?

ਮੌਜੂਦਾ ਕਾਰਜ ਵਿੱਚ ਕਾਪੀਰਾਈਟ ਦਾ ਮਾਲਕ ਜਾਂ ਭਵਿੱਖ ਦੇ ਕਿਸੇ ਵੀ ਕਾਰਜ ਵਿੱਚ ਕਾਪੀਰਾਈਟ ਦਾ ਮਾਲਕ ਹੋਣ ਵਾਲਾ ਵਿਅਕਤੀ ਕਿਸੇ ਹੋਰ ਨੂੰ ਸਾਰੇ ਦੇ ਸਾਰੇ ਜਾਂ ਅੰਸ਼ਿਕ ਰੂਪ ਵਿੱਚ ਕਾਪੀਰਾਈਟ ਹੇਠ ਲਿਖੇ ਢੰਗ ਰਾਹੀਂ ਦੇ ਸਕਦਾ ਹੈ:-

1. ਸਮੁੱਚੇ ਸੰਸਾਰ ਵਾਸਤੇ ਜਾਂ ਕਿਸੇ ਵਿਸ਼ੇਸ਼ ਮੁਲਕ ਜਾਂ ਪ੍ਰਦੇਸ਼ ਵਾਸਤੇ ਜਾਂ
2. ਕਾਪੀਰਾਈਟ ਦੀ ਪੂਰੀ ਮਿਆਦ ਵਾਸਤੇ ਜਾਂ ਮਿਆਦ ਦੇ ਅੰਸ਼ਿਕ ਸਮੇਂ ਲਈ ਜਾਂ
3. ਸਮੁੱਚੇ ਅਧਿਕਾਰਾਂ ਦੇ ਸਬੰਧ ਵਿੱਚ ਜਿੰਨ੍ਹਾਂ ਵਿੱਚ ਕਾਪੀਰਾਈਟ ਵੀ ਸ਼ਾਮਲ ਹਨ ਜਾਂ ਅਜਿਹੇ ਅਧਿਕਾਰਾਂ ਦੇ ਸਿਰਫ਼ ਕੁੱਝ ਹਿੱਸੇ ਲਈ।

## 69. ਸਰੋਤ ਕੋਡ ਦੇ ਜਮ੍ਹਾਂ ਕਰਨ ਰਾਹੀਂ ਕੀ ਵਪਾਰਕ ਭੇਦ (Trade Secret) ਪਤਾ ਲੱਗਣ ਦੀਆਂ ਸੰਭਾਵਨਾਂ ਹਨ?

ਜਦੋਂ ਕਾਪੀਰਾਈਟ ਰਜਿਸਟਰ ਹੋ ਜਾਂਦਾ ਹੈ ਤਾਂ ਉਹ ਕਾਰਜ ਜਨਤਾ ਦੀ ਪੜਤਾਲ ਵਾਸਤੇ ਖੁੱਲ੍ਹਾ ਹੁੰਦਾ ਹੈ। ਇਸ ਕਾਰਣ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਕੰਪਿਊਟਰ ਪ੍ਰੋਗਰਾਮ ਦਾ ਸੰਖੇਪ ਸਾਰ ਹੀ ਦਰਜ ਕਰਵਾਉਣਾ ਚਾਹੀਦਾ ਹੈ, ਪੂਰੇ ਦਾ ਪੂਰਾ ਪ੍ਰੋਗਰਾਮ ਨਹੀਂ। ਇਹ ਮਹੱਤਵਪੂਰਣ ਹੈ ਕਿ ਕੰਪਿਊਟਰ ਪ੍ਰੋਗਰਾਮ ਦਾ ਜਿਹੜਾ ਭਾਗ ਦਰਜ ਨਹੀਂ ਕਰਵਾਇਆ ਜਾਂਦਾ ਉਹ ਮਾਲਕ ਦਾ ਵਪਾਰਕ ਭੇਦ ਰਹੇਗਾ ਅਤੇ ਉਸ ਪ੍ਰੋਗਰਾਮ ਨੂੰ ਗ਼ਲਤ ਢੰਗ ਨਾਲ ਹਾਸਿਲ ਕਰਨ ਅਤੇ ਵਰਤਣ ਵਾਲੇ ਵਿਅੱਕਤੀ ਵਿਰੁੱਧ ਉਹ ਸੁਰੱਖਿਆ ਮਾਮਲਾ ਹੋਏਗਾ।

## 70. ਹੋਰ ਵੱਧ ਯਕੀਨੀ ਬਣਾਉਣ ਲਈ ਕਿ ਵਪਾਰਕ ਭੇਦ ਸੁਰੱਖਿਅਤ ਰਹਿਣ, ਕੀ ਕੰਪਿਊਟਰ ਪ੍ਰੋਗਰਾਮ ਨੂੰ ਓਬਜੈਕਟ ਕੋਡ ਵਿੱਚ ਜਮ੍ਹਾਂ ਕਰਵਾਉਣਾ ਜ਼ਾਇਜ਼ ਹੈ?

ਭਾਵੇਂ ਕਾਪੀਰਾਈਟ ਐਕਟ ਵਿੱਚ ਕੀਤੀ ਗਈ 1994 ਵਾਲੀ ਤਰਮੀਮ ਦੇ ਰਾਹੀ ਕੰਪਿਊਟਰ ਪ੍ਰੋਗਰਾਮ ਦੇ ਅਰਥਾਂ ਦਾ ਵਿਸਥਾਰ ਕਰ ਦਿੱਤਾ ਗਿਆ ਹੈ, ਪ੍ਰੰਤੂ ਅਜੇ ਵੀ ਇਹ ਸਪੱਸ਼ਟ ਨਹੀਂ ਹੈ ਕਿ ਇਸ ਵਿੱਚ ਓਬਜੈਕਟ ਕੋਡ ਅਤੇ ਸੋਰਸ ਕੋਡ ਦੋਵੇਂ ਹੀ ਸ਼ਾਮਲ ਹਨ ਜਾਂ ਨਹੀਂ। ਬੇਸ਼ਕ ਤਰਮੀਮ ਦੇ ਐਲਾਨਸ਼ੁਦਾ ਮੰਤਵ ਨੂੰ ਧਿਆਨ ਵਿੱਚ ਰੱਖਦਿਆਂ ਇਹ ਸਮਝਿਆ ਜਾ ਸਕਦਾ ਹੈ ਕਿ ਕਾਪੀਰਾਈਟ ਐਕਟ ਦੋਵਾਂ ਹੀ ਨਿਯਮਾਂ ਦੇ ਲਾਭ ਹਿੱਤ ਉਪਲੱਬਧ ਹੋਏਗਾ। ਮਾਹਿਰਾਂ ਦੇ ਮੱਤ ਅਨੁਸਾਰ ਸੋਰਸ ਕੋਡ ਤੋਂ ਇਹ ਪਤਾ ਲਾ ਲੇਣਾ ਸੌਖਾ ਹੁੰਦਾ ਹੈ ਕਿ ਜਮ੍ਹਾਂ ਕਰਵਾਈ ਗਈ ਸਮੱਗਰੀ ਵਿੱਚ ਕਾਪੀਰਾਈਟ ਯੋਗ ਕੁੱਝ ਹੈ। ਉਬਜੈਕਟ ਕੋਡ ਦਾ ਜਮ੍ਹਾਂ ਕਰਵਾਉਣਾ ਵੀ ਸੰਭਵ ਹੋ ਸਕਦਾ ਹੈ ਪ੍ਰੰਤੂ ਉਸ ਦੀ ਰਜਿਸਟਰੇਸ਼ਨ ਇਸ ਯਕੀਨ ਤੇ ਹੀ ਸਵੀਕਾਰ ਕੀਤੀ ਜਾਏਗੀ ਕਿ ਕੋਡ ਵਿੱਚ ਕਾਪੀਰਾਈਟ ਯੋਗ ਸਮੱਗਰੀ ਉਪਲੱਬਧ ਹੈ। ਕਾਪੀਰਾਈਟ ਦਫ਼ਤਰ ਦੇ ਕੋਲ ਇਹਨਾਂ ਵਾਸਤੇ ਅਜੇ ਕੋਈ ਕਾਰਜ ਵਿਧੀ ਮੌਜੂਦ ਨਹੀਂ ਹੈ।

## 71. ਕੁੱਝ ਪ੍ਰੋਗਰਾਮਾਂ ਵਿੱਚ, ਵਪਾਰਕ ਪੱਖੋਂ ਸਕਰੀਨ (ਚਿੱਤਰਪਟ) ਕਾਫ਼ੀ ਮਹੱਤਵਪੂਰਣ ਹੋ ਸਕਦੇ ਹਨ। ਕੀ ਕੋਡ ਤੋਂ ਅਲੱਗ, ਪ੍ਰੋਗਰਾਮ ਸਕਰੀਨ ਨੂੰ ਵੀ ਰਜਿਸਟਰ ਕਰਵਾਉਣਾ ਜ਼ਰੂਰੀ ਹੈ?

ਆਮ ਤੌਰ ਤੇ, ਕੰਪਿਊਟਰ ਪ੍ਰੋਗਰਾਮ ਵਿੱਚਲੇ ਸਾਰੇ ਹੀ ਕਾਪੀਰਾਈਟ ਯੋਗ ਪ੍ਰਗਟਾਓ (ਐਕਸਪਰੈਸਨ) ਸੁਰੱਖਿਅਤ ਹੁੰਦੇ ਹਨ ਜਿਹਨਾਂ ਵਿੱਚ ਸਕਰੀਨ ਪ੍ਰਦਰਸ਼ਨ (ਡਿਸਪਲੇ) ਵੀ ਸ਼ਾਮਲ ਹੈ। ਜਿਵੇਂ ਕਿ ਕੰਪਿਊਟਰ ਪ੍ਰੋਗਰਾਮ ਇੱਕ ਸਾਹਿਤਕ ਕਾਰਜ ਹੈ ਅਤੇ ਸਕਰੀਨ ਡਿਸਪਲੇ ਇੱਕ ਕਲਾਤਮਿਕ ਕਾਰਜ। ਇਸ ਕਰ ਕੇ ਉਸ ਇੱਕ ਹੀ ਦਰਖਾਸਤ ਵਿੱਚ ਰਜਿਸਟਰ

ਨਹੀਂ ਕੀਤੇ ਜਾ ਸਕਦੇ, ਜਿਸ ਵਿੱਚ ਕੰਪਿਊਟਰ ਪ੍ਰੋਗਰਾਮ ਦਰਜ ਕੀਤੇ ਹੁੰਦੇ ਹਨ। ਸਕਰੀਨ ਡਿਸਪਲੇ ਦੇ ਕਾਪੀਰਾਈਟ ਯੋਗ ਭਾਗਾਂ ਲਈ ਗਰਾਫ਼ਿਕ ਚਿੱਤਰਣ, ਵੱਖਰੀ ਦਰਖਾਸਤ ਵਿੱਚ ਦੇਣਾ ਜ਼ਰੂਰੀ ਹੁੰਦਾ ਹੈ।

## 72. ਕਾਪੀਰਾਈਟ ਸੁਰੱਖਿਆ ਵਾਸਤੇ ਕੰਪਿਊਟਰ ਪ੍ਰੋਗਰਾਮ ਤੇ ਕਿਸ ਕਿਸਮ ਦਾ ਨੋਟਿਸ ਲਾਉਣ ਦੀ ਲੋੜ ਹੁੰਦੀ ਹੈ?

ਕਾਪੀਰਾਈਟ ਦੇ ਧਾਰਕ/ਮਾਲਕ ਵੱਲੋਂ ਜਦੋਂ ਕੋਈ ਕਾਰਜ ਪ੍ਰਕਾਸ਼ਿਤ ਕੀਤਾ ਜਾਂਦਾ ਹੈ, ਤਾਂ ਜਨਤਕ ਪੱਧਰ ਤੇ ਵੇਚੀਆਂ ਗਈਆਂ ਕਾਪੀਆਂ ਉਪਰ ਕਾਪੀਰਾਈਟ ਨੋਟਿਸ ਲਾਇਆ ਜਾ ਸਕਦਾ ਹੈ। ਬਰਨ ਕਨਵੈਨਸ਼ਨ ਜਿਹੜੀ ਕਲਾਤਮਿਕ ਤੇ ਸਾਹਿਤਕ ਕੰਮ ਦੀ ਸੁਰੱਖਿਆ ਲਈ ਹੈ, ਦੇ ਅਨੁਸਾਰ ਸਾਹਿਤਕ ਅਤੇ ਕਲਾਤਮਿਕ ਕਾਰਜਾਂ ਤੇ ਕਾਪੀਰਾਈਟ ਨੋਟਿਸ ਲਾਉਣਾ ਗ਼ੈਰ-ਜ਼ਰੂਰੀ ਹੈ। ਭਾਰਤ ਨੇ ਵੀ ਬਰਨ ਕਨਵੈਨਸ਼ਨ ਤੇ ਦਸਖਤ ਕੀਤੇ ਹੋਏ ਹਨ। ਪਰ ਫਿਰ ਵੀ ਕਾਪੀਰਾਈਟ ਲਾਉਣ ਦਾ ਵਿਚਾਰ ਵਧੀਆ ਹੈ।

## 73. ਕੰਪਿਊਟਰ ਪ੍ਰੋਗਰਾਮਾਂ ਦੇ ਸੰਬੰਧ ਵਿੱਚ ਸੋਧੇ ਹੋਏ ਕਾਪੀਰਾਈਟ ਐਕਟ, 1999 ਵਿੱਚ ਕਿਹੜੀਆਂ-ਕਿਹੜੀਆਂ ਮੁੱਖ ਵਿਵਸਥਾਵਾਂ ਹਨ?

ਇਸਦੀਆਂ ਮੁੱਖ ਵਿਸ਼ੇਸਤਾਵਾਂ ਹੇਠ ਲਿਖੀਆਂ ਹਨ:

(1) ਕਨੂੰਨੀ ਤੌਰ ਤੇ ਕਿਸੇ ਕੰਪਿਊਟਰ ਪ੍ਰੋਗਰਾਮ ਧਾਰਕ ਵੱਲੋਂ ਅਜਿਹੀ ਜਾਣਕਾਰੀ ਲੈਣ ਲਈ ਕੀਤਾ ਗਿਆ ਕਾਰਜ, ਜਿਹੜੀ ਕਿ ਸੁਤੰਤਰ ਰੂਪ ਵਿੱਚ ਤਿਆਰੀ ਕੀਤੇ ਪ੍ਰੋਗਰਾਮ ਦੀ ਹੋਰ ਕੰਪਿਊਟਰ ਪ੍ਰੋਗਰਾਮਾਂ ਨਾਲ ਅੰਤਰ-ਨਿਰਭਰਤਾ ਪਤਾ ਕਰਨ ਵਾਸਤੇ ਕੀਤਾ ਗਿਆ ਹੋਵੇ, ਬਸ਼ਰਤੇ ਇਹ ਜਾਣਕਾਰੀ ਆਸਾਨੀ ਨਾਲ ਉਪਲਬੱਧ ਨਾ ਹੋਵੇ;

(2) ਕੰਪਿਊਟਰ ਪ੍ਰੋਗਰਾਮਾਂ ਦੀ ਪ੍ਰਕ੍ਰਿਆ ਪਤਾ ਕਰਨ ਲਈ ਉਸ ਦੇ ਅੰਤਰਗਤ ਪਏ ਵਿਚਾਰ ਜਾਂ ਸਿਧਾਂਤਾ ਬਾਰੇ ਜਾਣਕਾਰੀ ਲੈਣ ਲਈ ਕੀਤੇ ਗਏ ਅਜਿਹੇ ਕਾਰਜ ਜੋ ਕਿ ਕੰਪਿਊਟਰ ਪ੍ਰੋਗਰਾਮ ਦਿੱਤਾ ਗਿਆ ਹੋਵੇ ਅਤੇ ਇਸ ਲਈ ਕੀਤੇ ਨਿਰੀਖਣ, ਘੋਖ ਜਾਂ ਪਰੀਖਣ ;

(3) ਕਿਸੇ ਕਾਨੂੰਨੀ ਤੌਰ ਤੇ ਪ੍ਰਾਪਤ ਕੀਤੇ ਕੰਪਿਊਟਰ ਪ੍ਰੋਗਰਾਮ ਦੀਆਂ ਕਿਸੇ ਗੈਰ-ਵਪਾਰਕ ਵਰਤੋਂ ਵਾਸਤੇ ਨਕਲਾਂ ਬਣਾਉਣਾ ਜਾਂ ਉਸ ਨੂੰ ਬਦਲਵੇ ਰੂਪ ਵਿੱਚ ਅਪਣਾਉਣਾ;

## 74. ਭਾਰਤ ਵਿੱਚ ਕਾਪੀਰਾਈਟ ਲਈ ਅੰਦਰਾਜ ਦੇ ਕਿੰਨੇ ਖਰਚੇ ਹਨ ?

ਇਸ ਲਈ ਮਹੱਤਵਪੂਰਨ ਫੀਸਾ ਹੇਠ ਲਿਖੇ ਅਨੁਸਾਰ ਹਨ:

| ਨੰਬਰ | ਵਿਸ਼ਾ | ਫੀਸ ਰੁਪਏ (ਪ੍ਰਤੀ ਕੰਮ) |
|---|---|---|
| 1. | ਕਾਪੀ ਰਾਈਟ ਦੀ ਰਜਿਸਟਰੇਸ਼ਨ ਲਈ ਦਰਖਾਸਤ ਦੇਣ ਵਾਸਤੇ | |
| | (ੳ) ਸਾਹਿਤਕ, ਨਾਟਕੀ, ਸੰਗੀਤਕ ਤੇ ਕਲਾਤਮਿਕ ਕੰਮ ਲਈ | 50/- |
| | (ਅ) ਸਾਹਿਤਕ ਤੇ ਕਲਾਤਮਿਕ ਕੰਮ ਜਿਹੜੇ ਵਸਤੂਆਂ ਦੇ ਸਬੰਧ ਵਿੱਚ ਵਰਤ ਜਾਂਦੇ ਹਾਂ ਜਾਂ ਵਰਤਣ ਯੋਗ ਹਨ। | 400/- |
| 2. | ਕਿਸੇ ਸਿਨੇਮਟੋਗਰਾਫਿਕ ਫਿਲਮ ਦੇ ਕਾਪੀਰਾਈਟ ਲਈ ਦਰਖਾਸਤ ਦੇਣ ਲਈ | 600/- |
| 3. | ਸਾਊਂਡ ਰਿਕਾਰਡਿੰਗ ਲਈ ਕਾਪੀਰਾਈਟ ਦੀ ਦਰਖਾਸਤ ਦੇਣ ਲਈ | 400/- |

## 75. ਡਿਜ਼ਾਈਨ ਐਕਟ, 2000 ਅਨੁਸਾਰ ਡਿਜ਼ਾਈਨ ਤੋਂ ਕੀ ਭਾਵ ਹੈ?

ਬਜ਼ਾਰ ਵਿੱਚ ਕਿਸੇ ਉਤਪਾਦ (ਜਿਵੇਂ ਕਿ ਕਾਰ, ਟੈਲੀਵਿਜਨ, ਫਰਨੀਚਰ, ਬੋਤਲ ਆਦਿ) ਦੀਆਂ ਬਹੁਤ ਸਾਰੀਆਂ ਕਿਸਮਾਂ ਅਤੇ ਬਰਾਂਡ ਮਿਲਦੇ ਹਨ, ਜਿਹੜੇ ਕਿ ਦਿੱਖ ਪੱਖੋਂ ਇੱਕ ਦੂਸਰੇ ਤੋਂ ਵੱਖਰੇ ਹੁੰਦੇ ਹਨ। ਜਦੋਂ ਇਹ ਉਤਪਾਦ ਕਾਰਜਤਮਕ ਤੇ ਮੁਲਾਤਮਕ (ਕੀਮਤ) ਪੱਖੋਂ ਇੱਕੋ ਜਿਹੇ ਹੋਣ, ਤਾਂ ਅਜਿਹੀ ਸਥਿਤੀ ਵਿੱਚ ਕਿਸੇ ਉਤਪਾਦ ਨੂੰ ਖਰੀਦਣ ਲਈ ਆਖ਼ਰੀ ਫੈਸਲਾ ਉਸਦੀ ਦਿੱਖ, ਸ਼ਕਲ ਜਾਂ ਬਾਹਰੀ ਡਿਜ਼ਾਈਨ ਤੇ ਅਧਾਰਿਤ ਹੀ ਕੀਤਾ ਜਾਂਦਾ ਹੈ। ਭਾਵੇਂ ਕਿ ਕਿਸੇ ਵਸਤੂ ਵਿੱਚ ਸਮਾਨਤਾਵਾਂ ਬਹੁਤ ਹੀ ਘੱਟ ਹੋਣ, ਪਰ ਉਸ ਦੇ ਰੰਗ, ਦਿੱਖ, ਸਜਾਵਟ ਜਾਂ ਬਣਤਰ (ਜਿਹੜੀ ਕਿ ਕਿਸੇ ਦੀ ਆਪਣੀ ਪਸੰਦ ਜਾਂ ਸ਼ੌਂਕ ਅਨੁਸਾਰ ਹੋਵੇ) ਦੇ ਆਧਾਰ ਉੱਤੇ ਕੋਈ ਮਹਿੰਗੀ ਵਸਤੂ ਖਰੀਦਣ ਦਾ ਫੈਸਲਾ ਕਰ ਸਕਦਾ

ਹੈ। ਕਹਿਣ ਤੋਂ ਭਾਵ ਇਹ ਹੈ ਕਿ ਕਿਸੇ ਵਸਤੂ ਦੀ ਬਹਾਰੀ ਦਿੱਖ ਤੇ ਬਣਤਰ, ਰੰਗ, ਸਜਾਵਟੀ ਅੰਸ਼, ਬਜ਼ਾਰ ਵਿੱਚ ਉਸ ਕਿਸਮ ਦੀਆਂ ਬਾਕੀ ਵਸਤੂਆਂ ਦੇ ਮੁਕਾਬਲੇ ਉਸ ਦੀ ਕਾਮਯਾਬੀ ਲਈ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਇਸ ਲਈ ਕਿਸੇ ਵਸਤੂ ਦਾ ਸੁਹਣਾ ਤੇ ਮਨ ਨੂੰ ਭਾਉਣ ਵਾਲਾ ਡਿਜ਼ਾਈਨ ਕਿਸੇ ਵਸਤੂ ਦੀ ਬਜ਼ਾਰ ਵਿੱਚ ਵਿਕਰੀ ਤੇ ਬਹੁਤ ਪ੍ਰਭਾਵ ਪਾਉਂਦਾ ਹੈ। ਇਸ ਕਰ ਕੇ ਹੀ, ਜੇ ਤੁਹਾਡੇ ਵੱਲੋਂ ਬਣਾਈ ਗਈ ਵਸਤੂ ਸੋਹਣੀ ਤੇ ਨਿਵੇਕਲੀ ਬਣਤਰ, ਰੰਗ ਅਤੇ ਦਿੱਖ ਪ੍ਰਸਤੂਤ ਕਰਦੀ ਹੈ ਤਾਂ ਇਸ ਵਸਤੂ ਦੇ ਇਹਨਾਂ ਗੁਣਾਂ ਨੂੰ ਕਿਸੇ ਵੱਲੋਂ ਨਕਲ ਕੀਤੇ ਜਾਣ ਤੋਂ ਬਚਾਉਣ ਲਈ ਇੱਕ ਸੁਰੱਖਿਆ ਵਿਵਸਥਾ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਸੇ ਡਿਜ਼ਾਈਨ ਦੇ ਇਹਨਾਂ ਗੁਣਾ ਨੂੰ ਭਾਰਤ ਵਿੱਚ ਸੁਰੱਖਿਆ ਵਿਵਸਥਾ ਡਿਜ਼ਾਈਨ ਐਕਟ, 2000 ਰਾਹੀਂ ਪ੍ਰਦਾਨ ਕੀਤੀ ਗਈ ਹੈ।

ਇਸ ਅਨੁਸਾਰ ਡਿਜ਼ਾਈਨ ਤੋਂ ਭਾਵ ਹੈ ਕਿਸੇ ਵਸਤੂ ਦੀ ਬਾਹਰੀ ਬਣਤਰ, ਦਿੱਖ, ਸ਼ਕਲ ਰੂਪ ਰੇਖਾ, ਢਾਂਚਾ, ਸਜਾਵਟ, ਲਕੀਰਾਂ ਦੀ ਸੰਕਲਨ ਰਚਨਾ ਜਾਂ ਰੰਗਾਂ ਦਾ ਸੁਮੇਲ, ਜਿਹੜਾ ਕਿ ਕਿਸੇ ਵਸਤੂ ਨੂੰ ਲਗਾਇਆ ਜਾਂਦਾ ਹੈ। ਇਹ ਦੋ ਸੀਮਾਵੀ (Two-dimensional) ਜਾਂ ਤਿੰਨ ਸੀਮਾਵੀ ਵੀ ਹੋ ਸਕਦਾ ਹੈ। ਇਹ ਡਿਜ਼ਾਈਨ ਕਿਸੇ ਉਦਯੋਗਿਕ ਵਿਧੀ ਜਾਂ ਢੰਗ, ਜਿਹੜੀ ਕਿ ਦਸਤੀ ਜਾਂ ਮਸ਼ੀਨੀ ਜਾਂ ਰਸਾਇਣਿਕ ਜਾਂ ਫਿਰ ਇਹਨਾਂ ਦਾ ਕੋਈ ਸੁਮੇਲ ਹੋਵੇ, ਨਾਲ ਲਗਾਇਆ ਜਾਣਾ ਚਾਹੀਦਾ ਹੈ। ਤਿਆਰ ਕੀਤੀ ਵਸਤੂ ਦੀ ਦਿੱਖ ਆਕਰਸ਼ਿਤ ਹੋਣੀ ਚਾਹੀਦੀ ਹੈ ਅਤੇ ਇਹ ਸਿਰਫ ਅੱਖ ਨਾਲ ਦੇਖ ਕੇ ਹੀ ਪਰਖੀ ਜਾ ਸਕਦੀ ਹੋਵੇ। ਇਸ ਕਨੂੰਨ ਅਨੁਸਾਰ ਕਿਸੇ ਡਿਜ਼ਾਈਨ ਨੂੰ ਬਣਾਉਣ ਦੇ ਸਿਧਾਂਤ ਜਾਂ ਵਿਧੀ ਜਾਂ ਅਜਿਹਾ ਪਦਾਰਥ ਜਿਹੜਾ ਕਿ ਸਿਰਫ ਮਸ਼ੀਨੀ ਹੋਵੇ ਨੂੰ ਸੁਰੱਖਿਆ ਨਹੀਂ ਦਿੱਤੀ ਜਾਂਦੀ। ਕਿਸੇ ਵਸਤੂ ਦੇ ਕਾਰਜਤਾਮਕ ਪੱਖ ਇਸ ਕਾਨੂੰਨ ਦੁਆਰ ਸੁਰੱਖਿਅਤ ਨਹੀਂ ਕੀਤੇ ਜਾਂਦੇ।

## 76. ਡਿਜ਼ਾਈਨ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਇਸ ਕਾਨੂੰਨ ਅਨੁਸਾਰ ਰਜਿਸਟਰ ਨਹੀਂ ਕੀਤੀਆਂ ਜਾਂਦੀਆਂ?

ਉਹ ਡਿਜ਼ਾਈਨ ਇਸ ਕਾਨੂੰਨ ਅਨੁਸਾਰ ਰਜਿਸਟਰ ਨਹੀਂ ਕੀਤੇ ਜਾਂਦੇ ਜਿਹੜੇ:

(ੳ) ਨਵੇਂ ਤੇ ਅਸਲੀ ਨਹੀਂ ਹਨ; ਜਾਂ

(ਅ) ਜਿਹੜੇ ਡਿਜ਼ਾਈਨ ਭਾਰਤ ਜਾਂ ਕਿਸੇ ਹੋਰ ਦੇਸ ਵਿੱਚ ਕਿਸੇ ਤਰ੍ਹਾਂ ਦੇ ਪ੍ਰਕਾਸ਼ਨ ਜਾਂ ਵਰਤੋਂ ਰਾਹੀਂ, ਰਜਿਸਟਰੇਸ਼ਨ ਲਈ ਦਰਖਾਸਤ ਦੇਣ ਦੀ ਮਿਤੀ ਤੋਂ ਪਹਿਲਾਂ ਜਾਂ ਤਰਜੀਹ ਮਿਤੀ ਤੋਂ ਪਹਿਲਾਂ (ਜਿੱਥੇ ਕਿਤੇ ਲਾਗੂ ਹੋਵੇ), ਜਨਤਾ ਵਿੱਚ ਵਿਅਕਤ ਜਾਂ ਜਾਹਰ ਕਰ ਦਿੱਤੇ ਹੋਣ; ਜਾਂ

(ੲ) ਜਿਹੜੇ ਡਿਜਾਈਨ ਪਹਿਲਾਂ ਤੋਂ ਗਿਆਤ ਜਾਂ ਗਿਆਤ ਡਿਜ਼ਾਈਨਾਂ ਦੇ ਸੁਮੇਲ ਤੋਂ ਸਪਸ਼ਟ ਰੂਪ ਵਿੱਚ ਵੱਖਰੇ ਜਾਂ ਵਿਲੱਖਣ ਨਹੀਂ ਹਨ ਜਾਂ

(ਸ) ਜਿਹੜੇ ਡਿਜ਼ਾਈਨ ਕਿਸੇ ਬਦਨਾਮ ਜਾਂ ਅਸ਼ਲੀਲ ਤੱਤਾਂ ਵਾਲੇ ਹੋਣ

## 77. ਡਿਜ਼ਾਈਨ ਐਕਟ, 2000 ਅਨੁਸਾਰ 'ਵਸਤੂ' (Article) ਤੋਂ ਕੀ ਭਾਵ ਹੈ?

'ਵਸਤੂ' ਤੋਂ ਭਾਵ ਕੋਈ ਵੀ ਬਣਾਵਟੀ ਜਾਂ ਅਰਧ-ਬਣਾਵਟੀ ਅਤੇ ਅਰਧ-ਕੁਦਰਤੀ ਤਿਆਰ ਕੀਤੀ ਵਸਤੂ ਜਾਂ ਪਦਾਰਥ ਹੈ। ਇਸ ਤਹਿਤ ਕਿਸੇ ਪਦਾਰਥ ਜਾਂ ਵਸਤੂ ਦਾ ਕੋਈ ਵੀ ਹਿੱਸਾ, ਜਿਹੜਾ ਕਿ ਵੱਖਰੇ ਤੌਰ ਤੇ ਬਣਾਇਆ ਤੇ ਵੇਚਿਆ ਜਾ ਸਕਦਾ ਹੋਵੇ, ਆਉਂਦਾ ਹੈ।

## 78. ਡਿਜ਼ਾਈਨਾਂ ਦੀ ਰਜਿਸਟਰੇਸ਼ਨ ਕਰਵਾਉਣ ਦਾ ਮੰਤਵ ਕੀ ਹੈ?

ਡਿਜਾਈਨ ਰਜਿਸਟਰੇਸ਼ਨ ਐਕਟ ਅਨੁਸਾਰ ਇਸਦਾ ਮੁੱਖ ਮੰਤਵ ਨਵੇਂ ਤੇ ਅਸਲੀ ਡਿਜ਼ਾਈਨਾਂ, ਜਿਹੜੇ ਕਿ ਉਦਯੋਗਿਕ ਵਿਧੀ ਜਾਂ ਢੰਗ ਨਾਲ ਤਿਆਰ ਕੀਤੇ ਗਏ ਉਤਪਾਦਾਂ ਦੇ ਲਗਾਉਣ ਯੋਗ ਹੋਣ, ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ। ਕਦੇ-ਕਦੇ ਕਿਸੇ ਵਸਤੂ ਦੀ ਖਰੀਦ ਸਿਰਫ ਉਸਦੀ ਪ੍ਰਯੋਗਿਕ ਕਾਬਲੀਅਤ ਤੇ ਹੀ ਨਿਰਭਰ ਨਹੀਂ ਕਰਦੀ, ਸਗੋਂ ਉਸਦੀ ਬਾਹਰੀ ਬਣਤਰ ਤੇ ਦਿੱਖ ਉੱਤਰ ਵੀ ਨਿਰਭਰ ਕਰਦੀ ਹੈ।

ਡਿਜ਼ਾਈਨ ਰਜਿਸਟੇਰਸ਼ਨ ਦਾ ਮਹੱਤਵਪੂਰਨ ਮੰਤਵ ਇਹ ਦੇਖਣ ਹੈ ਕਿ ਕਿਸੇ ਦੁਆਰਾ ਸੁਹਣੇ ਤੇ ਸੁਹਜਾਤਮਕ ਡਿਜ਼ਾਈਨਾਂ ਦੀ ਨਕਲ ਕਰ ਕੇ ਉਸਦੇ ਅਸਲੀ ਕਲਾਕਾਰ ਰਚਨਕਾਰ ਜਾਂ ਨਿਰਮਾਣਕਾਰ ਨੂੰ ਉਸਦੇ ਵਾਸਤਵਿਕ ਇਨਾਮ ਤੋਂ ਵਾਂਝਾ ਤਾਂ ਨਹੀਂ ਕੀਤਾ ਜਾ ਰਿਹਾ।

## 79. ਕਿਸੇ ਡਿਜ਼ਾਈਨ ਨੂੰ ਰਜਿਸਟਰ ਕਰਨ ਲਈ ਡਿਜ਼ਾਈਨ ਐਕਟ, 2000 ਤਹਿਤ ਕਿਹੜੀਆਂ-2 ਜ਼ਰੂਰੀ ਸ਼ਰਤਾਂ ਹਨ?

(1) ਡਿਜ਼ਾਈਨ ਨਵਾਂ ਤੇ ਅਸਲੀ ਹੋਣਾ ਚਾਹੀਦਾ ਹੈ ਅਤੇ ਇਸ ਬਾਰੇ ਰਜਿਸਟਰੇਸ਼ਨ ਲਈ ਦਰਖਾਸਤ ਦੇਣ ਤੋਂ ਪਹਿਲਾਂ

ਕਿਸੇ ਵੀ ਦੇਸ ਵਿੱਚ ਪ੍ਰਕਾਸ਼ਨ ਜਾਂ ਵਰਤੋਂ ਨਹੀਂ ਹੋਣੀ ਚਾਹੀਦੀ। ਪਹਿਲਾਂ ਤੋਂ ਹੀ ਜਾਣੂ ਸ਼ਕਲ ਜਾਂ ਰੂਪ ਰੇਖਾ ਨੂੰ ਕਿਸੇ ਨਵੀਂ ਵਸਤੂ ਤੇ ਲਗਾ ਕੇ ਵੀ ਇਸ ਦਾ ਨਵਾਂ ਪਣ ਸਿੱਧ ਕੀਤਾ ਜਾ ਸਕਦਾ ਹੈ, ਪਰ ਜੇ ਇਸ ਵਿੱਚ (ਪਹਿਲਾਂ ਤੋਂ ਜਾਣੂ ਡਿਜ਼ਾਈਨ ਨੂੰ ਨਵੀਂ ਵਸਤੂ ਤੇ ਲਗਾਉਣ ਵਿੱਚ ਕਿਸੇ ਬੌਧਿਕ ਜਾਂ ਦਿਮਾਗੀ ਤੱਤ ਦੀ ਵਰਤੋਂ ਨਹੀਂ ਕੀਤੀ ਗਈ, ਤਾਂ ਇਹ ਡਿਜ਼ਾਈਨ ਰਜਿਸਟਰੇਸ਼ਨ ਲਈ ਨਹੀਂ ਵੀਚਾਰਿਆ ਜਾਵੇਗਾ।

(2) ਡਿਜ਼ਾਈਨ ਕਿਸੇ ਵਸਤੂ ਦੀ ਸ਼ਕਲ, ਰੂਪਰੇਖਾ, ਢਾਂਚਾ ਜਾ ਸਜਾਵਟ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ। ਇਸ ਐਕਟ ਅਨੁਸਾਰ ਉਦਯੋਗਿਕ ਖਾਕੇ, ਤਜ਼ਵੀਜ਼ਾਂ ਜਾਂ ਸਥਾਪਨਾਵਾਂ ਰਜਿਸਟਰੇਸ਼ ਹੋਣ ਯੋਗ ਨਹੀਂ ਹਨ।

(3) ਕਿਸੇ ਵਸਤੂ ਦਾ ਡਿਜ਼ਾਈਨ, ਕਿਸੇ ਉਦਯੋਗਿਕ ਵਿਧੀ ਜਾਂ ਢੰਗ ਨਾਲ ਲਗਾਉਣ ਯੋਗ ਹੋਣਾ ਚਾਹੀਦਾ ਹੈ। ਆਮ ਤੌਰ ਤੇ ਕਲਾ ਨਾਲ ਸੰਬੰਧਿਤ ਡਿਜ਼ਾਈਨ ਜਿਵੇਂ ਪੇਟਿੰਗ, ਸ਼ਿਲਪਕਲਾ ਜਾਂ ਨਕਾਸ਼ੀ ਵਰਗੇ ਕੰਮ ਜਿਹੜੇ ਕਿ ਕਿਸੇ ਉਦਯੋਗਿਕ ਵਿਧੀ ਰਾਹੀਂ ਵੱਡੀ ਮਾਤਰਾ ਵਿੱਚ ਨਹੀਂ ਬਣਾਏ ਜਾ ਸਕਦੇ, ਇਸ ਕਾਨੂੰਨ ਅਨੁਸਾਰ ਰਜਿਸਟਰਡ ਹੋਣ ਯੋਗ ਨਹੀਂ ਹਨ। ਪਰ ਪੇਟਿੰਗ ਤੇ ਸ਼ਿਲਪਕਲਾ ਵਰਗੇ ਕੰਮਾਂ ਦਾ ਕਾਪੀਰਾਈਟ ਲਿਆ ਜਾ ਸਕਦਾ ਹੈ।

(4) ਤਿਆਰ ਕੀਤੀ ਵਸਤੂ ਦੇ ਡਿਜ਼ਾਈਨ ਦੀ ਦਿੱਖ ਜਾਂ ਮੁਹਾਂਦਰਾਂ ਆਕਰਸ਼ਿਤ ਹੋਣਾ ਚਾਹੀਦਾ ਹੈ ਤੇ ਇਹ ਸਿਰਫ ਅੱਖ ਨਾਲ ਵੇਖ ਕੇ ਪਰਖਣ ਯੋਗ ਹੋਣੀ ਚਾਹੀਦੀ ਹੈ। ਦੂਸਰੇ ਸ਼ਬਦਾਂ ਵਿੱਚ, ਤਿਆਰ ਕੀਤੀ ਵਸਤੂ ਦਾ ਡਿਜ਼ਾਈਨ ਸੰਬੰਧਿਤ ਵਸਤੂ ਉੱਪਰ ਬਾਹਰੋਂ ਨਜ਼ਰ ਆਉਣਾ ਚਾਹੀਦਾ ਹੈ। ਇਸ ਦੇ ਅੰਤਰਗਤ ਕਿਸੇ ਬਕਸੇ ਜਾਂ ਅਲਮਾਰੀ ਦਾ ਅੰਦਰੂਨੀ ਡਿਜ਼ਾਈਨ, ਜਾਂ ਬਟੂਏ ਦਾ ਅੰਦਰਲਾ ਡਿਜ਼ਾਈਨ (ਭਾਵੇਂ ਕਿ ਇਹ ਡਿਜ਼ਾਈਨ ਅਲਮਾਰੀ ਬਕਸੇ ਜਾਂ ਬਟੂਏ ਨੂੰ ਖੋਲ੍ਹ ਕੇ ਪ੍ਰਕਾਸ਼ਿਤ ਕੀਤਾ ਗਿਆ ਹੋਵੇ) ਕਾਨੂੰਨ ਅਨੁਸਾਰ ਰਜਿਸਟਰਡ ਹੋਣ ਯੋਗ ਨਹੀਂ ਹੈ। ਕਿਉਂਕਿ ਆਮ ਤੌਰ ਤੇ ਇਹ ਵਸਤੂਆਂ ਬਜ਼ਾਰ ਵਿੱਚ ਬੰਦ ਅਵਸਥਾ ਵਿੱਚ ਹੀ ਪ੍ਰਦਸ਼ਿਤ ਕੀਤੀਆਂ ਜਾਂਦੀਆਂ ਹਨ।

(5) ਕਿਸੇ ਵਸਤੂ ਦੀ ਰਚਨਾ ਦਾ ਸਿਧਾਂਤ ਜਾਂ ਵਿਧੀ ਜਾ ਕਾਰਜ ਜਿਹੜਾ ਕਿ ਪ੍ਰਕ੍ਰਿਤੀ ਪੱਖੋਂ ਸਿਰਫ ਮਸ਼ੀਨੀ ਹੋਵੇ, ਇਸ ਐਕਟ ਅਨੁਸਾਰ ਰਜਿਸਟਰਡ ਨਹੀਂ ਕੀਤਾ ਜਾਂਦਾ। ਉਦਾਹਰਨ ਵਜੋਂ ਕਿਸੇ ਤਾਲੇ ਦੀ ਚਾਬੀ ਦਾ ਨਵਾਂਪਣ ਉਸਦੇ ਵਣਾਂ ਦੀ ਰਚਨਾ ਜਾਂ ਉਸਦੇ ਕਿਸੇ ਭਾਗ ਵਿੱਚ ਪਾਏ ਗਏ ਵਿੰਗ (ਜਿਹੜਾ ਕਿ ਤਾਲੇ ਦੇ ਅੰਦਰ ਲੀਵਰ ਨਾਲ ਲੱਗ ਕੇ ਕੰਮ ਕਰਦਾ ਹੋਵੇ) ਤੇ ਅਧਾਰਿਤ ਹੈ, ਤਾਂ ਉਹ ਇਸ ਕਾਨੂੰਨ ਅਨੁਸਾਰ ਰਜਿਸਟਰ ਹੋਣ ਯੋਗ ਨਹੀਂ ਹੈ। ਪਰ ਜੇ ਕਿਸੇ ਡਿਜ਼ਾਈਨ ਵਿੱਚ ਉਸਦੀ ਰਚਨਾ-ਵਿਧੀ ਜਾਂ ਢੰਗ ਜਾਂ ਸਿਧਾਂਤ ਜਾਂ ਉਸਦੀ ਯੰਤਰ-ਵਿਧੀ ਹੋਵੇ ਤਾਂ ਇਸਦੀ ਰਜਿਸਟਰੇਸ਼ਨ ਕਰਵਾਉਣ ਲਈ ਇੱਕ ਉੱਚਿਤ ਬੇਦਾਅਵਾ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ, ਬਾਸ਼ਰਤੇ ਕਿ ਡਿਜਾਈਨ ਵਿੱਚ ਰਜਿਸਟਰੇਸ਼ਨ ਹੋਣਯੋਗ ਬਾਕੀ ਸਾਰੇ ਗੁਣ ਮੌਜੂਦ ਹੋਣ।

(6) ਡਿਜ਼ਾਈਨ ਵਿੱਚ ਕੋਈ ਟਰੇਡ-ਮਾਰਕ ਜਾਂ ਸੰਪਤੀ ਮਾਰਕ ਜਾਂ ਕਲਾਤਮਿਕ ਕੰਮ ਨਹੀਂ ਹੋਣਾ ਚਾਹੀਦਾ।

## 80. ਕੀ ਟਿਕਟਾਂ, ਲੇਬਲ, ਟੋਕਨ (ਯਾਦ ਚਿੰਨ੍ਹ), ਕਾਰਡ ਆਦਿ ਰਜਿਸਟਰੇਸ਼ਨ ਐਕਟ, 2000 ਅਨੁਸਾਰ ਰਜਿਸਟਰੇਸ਼ਨ ਯੋਗ ਵਸਤੂਆਂ ਹਨ?

ਨਹੀਂ। ਕਿਉਂ ਕਿ ਉਪਰੋਕਤ ਵਸਤੂਆਂ ਦੇ ਅੰਤਰਗਤ ਜੇ ਡਿਜ਼ਾਈਨ ਦੇ ਸੋਹਜਾਤਮਕ ਭਾਗ ਨੂੰ ਹਟਾ ਦਿੱਤਾ ਜਾਵੇ ਤਾਂ ਬਾਕੀ ਸਿਰਫ ਕਾਗਜ਼ ਦਾ ਟੁਕੜਾ, ਜਾਂ ਧਾਂਤ ਆਦਿ ਦਾ ਟੁਕੜਾ ਹੀ ਬਚੇਗਾ ਅਤੇ ਸੰਬੰਧਿਤ ਵਸਤੂ ਦੀ ਹੋਂਦ (ਟਿਕਟ, ਲੇਬਲ, ਟੋਕਨ) ਖ਼ਤਮ ਹੋ ਜਾਵੇਗੀ। ਇਸ ਲਈ ਰਜਿਸਟਰੇਸ਼ਨ ਲਈ ਜ਼ਰੂਰੀ ਹੈ ਕਿ ਸੰਬੰਧਿਤ ਵਸਤੂ ਦੀ ਡਿਜ਼ਾਈਨ ਦੀ ਅਣਹੋਂਦ ਵਿੱਚ ਵੀ ਆਪਣੀ ਇੱਕ ਸੁਤੰਤਰ ਹੋਂਦ ਹੋਵੇ।

## 81. ਡਿਜ਼ਾਈਨ ਰਜਿਸਟਰਡ ਕਰਵਾਉਣ ਲਈ ਦਰਖਾਸਤ ਕਰਤਾ ਨੂੰ ਰਜਿਸਟਰਡ ਸਰਟੀਫਿਕੇਟ ਕਦੋ ਜਾਰੀ ਹੁੰਦਾ ਹੈ?

ਜਦੋਂ ਦਰਖਾਸਤ ਕਰਤਾ ਦੀ ਡਿਜ਼ਾਈਨ ਰਜਿਸ਼ਟਰੇਸਨ ਲਈ ਅਰਜ਼ੀ ਠੀਕ ਪਾਈ ਜਾਂਦੀ ਹੈ ਅਤੇ ਇਹ ਕਾਨੂੰਨ ਅਨੁਸਾਰ ਮਨਜ਼ੂਰ ਤੇ ਰਜਿਸਟਰ ਕੀਤੀ ਜਾਂਦੀ ਹੈ ਤਾਂ ਉਪਰੰਤ ਉਸਨੂੰ ਡਿਜ਼ਾਈਨ ਰਜਿਸਟਰੇਸ਼ਨ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਪਰ ਕਿਸੇ ਕਾਨੂੰਨੀ ਕਾਰਵਾਈ ਲਈ ਲੋੜੀਂਦੀ ਇਸ ਸਰਟੀਫਿਕੇਟ ਦੀ ਪ੍ਰਮਾਣਿਤ ਨਕਲ ਲੈਣ ਵਾਸਤੇ ਨਿਰਧਾਰਿਤ ਫੀਸ ਨਾਲ ਕੰਟਰੋਲਰ ਨੂੰ ਅਲੱਗ ਇੱਕ ਦਰਖਾਸਤ ਦੇਣੀ ਪੈਂਦੀ ਹੈ।

## 82. ਡਿਜਾਈਨਾਂ ਦਾ ਰਜਿਸਟਰ (Register of Designs ) ਕੀ ਹੈ?

ਡਿਜਾਈਨਾਂ ਦਾ ਰਜਿਸਟਰ ਇੱਕ ਅਜਿਹਾ ਦਸਤਾਵੇਜ਼ ਹੈ ਜਿਹੜਾ ਕਿ ਪੇਟੈਂਟ ਦਫ਼ਤਰ, ਕੋਲਕੱਤਾ ਵੱਲੋਂ ਇੱਕ ਕਾਨੂੰਨੀ ਜ਼ਰੂਰਤ ਦੇ ਤੋਰ ਤੇ ਰੱਖਿਆ ਹੋਇਆ ਹੈ। ਇਸ ਰਜਿਸਟਰ ਵਿੱਚ ਰਜਿਸਟਰਿਡ ਡਿਜਾਈਨਾਂ ਨਾਲ ਸੰਬੰਧਤ ਜਾਣਕਾਰੀ ਜਿਵੇਂ ਡਿਜ਼ਾਈਨ ਨੰਬਰ, ਅਰਜੀ ਦੇਣ ਦੀ ਮਿਤੀ, ਪਾਰਸਪਰਿਕਤ ਮਿਤੀ (ਜੇ ਕੋਈ ਹੋਵੇ), ਮਾਲਕ ਦਾ ਨਾਮ ਤੇ ਪਤਾ ਅਤੇ ਅਜਿਹੇ ਹੋਰ ਇਤਰਾਜ (ਜਿਨਾਂ ਨਾਲ ਡਿਜਾਈਨ ਦੀ ਮਾਲਕੀ ਦੀ ਪ੍ਰਮਾਣਿਤਾ ਪ੍ਰਭਾਵਿਤ ਹੁੰਦੀ ਹੈ), ਰੱਖੇ ਹੁੰਦੇ ਹਨ। ਇਹ ਦਸਤਾਵੇਜ਼ ਇੱਕ ਨਿਰਧਾਰਿਤ ਫੀਸ ਦੇਣ ਉਪਰੰਤ ਜਾਚ ਲਈ ਆਮ ਜਨਤਾ ਲਈ ਖੁੱਲਾ ਹੁੰਦਾ ਹੈ ਅਤੇ ਇਸ ਵਿੱਚੋਂ ਲੋੜੀਦਾ ਸਾਰ ਅਰਜੀ ਨਾਲ ਨਿਰਧਾਰਿਤ ਫੀਸ ਤਰ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

## 83. ਡਿਜ਼ਾਈਨ ਦੇ ਰਜਿਸਟਰੇਸ਼ਨ ਦੀ ਮਿਆਦ ਕਿੰਨੀ ਹੁੰਦੀ ਹੈ? ਕੀ ਇਹ ਵਧਾਈ ਵੀ ਜਾ ਸਕਦੀ ਹੈ?

ਡਿਜ਼ਾਈਨ ਦੇ ਰਜਿਸਟਰੇਸ਼ਨ ਦੀ ਮਿਆਦ 15 ਸਾਲ ਹੁੰਦੀ ਹੈ। ਸ਼ੁਰੂ ਵਿੱਚ ਇਹ 10 ਸਾਲ ਤੱਕ ਮਨਜੂਰ ਕੀਤੀ ਜਾਂਦੀ ਹੈ, ਜਿਹੜੀ ਕਿ ਉਸ ਤੋਂ ਬਾਅਦ ਕੰਟਰੋਲ ਨੂੰ ਇੱਕ ਦਰਖਾਸਤ ਨਾਲ2000/- ਰੁਪਏ ਫੀਸ ਦੇ ਕੇ 5 ਸਾਲ ਤੱਕ ਹੋਰ ਵਧਾਈ ਜਾ ਸਕਦੀ ਹੈ। ਇਹ ਅਵਧੀ ਵਧਾਉਣ ਲਈ ਦਰਖਾਸਤ ਸ਼ੁਰੂ ਵਿੱਚ ਮਨਜੂਰ ਕੀਤੇ ਗਏ10 ਸਾਲ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਕੰਟਰੋਲਰ ਨੂੰ ਦੇਣੀ ਹੁੰਦੀ ਹੈ ਜਾਂ ਫਿਰ ਇਹ ਦਰਖਾਸਤ ਡਿਜ਼ਾਈਨ ਦੇ ਮਾਲਕ ਵੱਲੋਂ ਸ਼ੁਰੂ ਹੀ ਡਿਜ਼ਾਈਨ ਰਜਿਸਟੇਰਸ਼ਨ ਦੀ ਮਨਜੂਰੀ ਉਪਰੰਤ ਦਿੱਤੀ ਜਾ ਸਕਦੀ ਹੈ।

## 84. ਕੀ ਡਿਜ਼ਾਈਨ ਦੀ ਰਜਿਸਟਰੇਸ਼ਨ ਲਈ ਦਰਖਾਸਤ ਦੇਣ ਤੋਂ ਪਹਿਲਾਂ ਉਸ ਨੂੰ ਕਿਸੇ ਉਦਯੋਗਿਕ ਵਿਧੀ ਜਾਂ ਢੰਗ ਦੁਆਰਾ ਕਿਸੇ ਵਸਤੂ ਉੱਪਰ ਲਗਾਉਣਾ ਜ਼ਰੂਰੀ ਹੈ?

ਨਹੀਂ । ਡਿਜ਼ਾਈਨ ਤੋਂ ਭਾਵ ਹੈ ਕਿ ਕੋਈ ਸੂਰਤ ਜਾਂ ਰੂਪਰੇਖਾ ਜਾਂ ਰਚਨਾ ਜਾਂ ਢਾਚੇ (ਜਿਹੜੇ ਕਿ ਕਿਸੇ ਉਦਯੋਗਿਕ ਵਿਧੀ ਜਾਂ ਢੰਗ ਦੁਆਰਾ ਕਿਸੇ ਵਸਤੂ ਤੇ ਲਗਾਇਆ ਜਾ ਸਕਦਾ ਹੋਵੇ ।) ਬਾਰੇ ਕੋਈ ਖ਼ਿਆਲ ਜਾਂ ਸੁਝਾਅ ਜਾ ਵਿਚਾਰ।

## 85. ਕਿਸੇ ਡਿਜ਼ਾਈਨ ਦੀ ਰਜਿਸਟੇਸ਼ਨ ਲਈ ਦਰਖਾਸਤ ਜਿੰਨੀ ਜਲਦੀ ਹੋ ਸਕੈ, ਦੇਣੀ ਕਿਉਂ ਜ਼ਰੂਰੀ ਹੁੰਦੀ ਹੈ?

ਡਿਜ਼ਾਈਨਾਂ ਦੀ ਰਜਿਸਟੇਰਸ਼ਨ ਲਈ ਪਹਿਲਾਂ ਇੰਦਰਾਜ ਕਰਵਾਉਣ ਵਾਲੇ ਨੂੰ ਪਹਿਲ (First to file) ਦਾ ਨਿਯਮ ਲਾਗੂ ਹੁੰਦਾ ਹੈ। ਜੇ ਕਿਸੇ ਸਮਰੂਪ ਜਾਂ ਸਾਮਾਨ ਡਿਜ਼ਾਈਨ ਵਾਸਤੇ ਦੋ ਜਾਂ ਦੋ ਤੋਂ ਵੱਧ ਦਰਖਾਸਤਾਂ ਵੱਖ-ਵੱਖ ਮਿਤੀਆਂ ਨੂੰ ਦਿੱਤੀਆਂ ਗਈਆਂ ਹੋਣ, ਤਾਂ ਸਭ ਤੋਂ ਪਹਿਲਾਂ ਇੰਦਰਾਜ ਕੀਤੀ ਗਈ ਦਰਖਾਸਤ ਨੂੰ ਹੀ ਡਿਜ਼ਾਈਨ ਰਜਿਸਟਰੇਸ਼ਨ ਲਈ ਪਹਿਲ ਦਿੱਤੀ ਜਾਂਦੀ ਹੈ ਜਾਂ ਵਿਚਾਰਿਆ ਜਾਂਦਾ ਹੈ।

## 86. ਇੱਕ ਦਰਖਾਸਤ ਕਾਰਤਾ ਜਿਸ ਦੀ ਕਿ ਪਹਿਲਾਂ ਇੱਕ ਡਿਜਾਈਨ ਰਜਿਸਟਰਡ ਕਰਵਾਉਣ ਲਈ ਦਿੱਤੀ ਦਰਖਾਸਤ/ਅਰਜ਼ੀ ਰੱਦ ਹੋ ਚੁੱਕੀ ਹੋਵੇ, ਕੀ ਉਹ ਦੁਬਾਰਾ ਉਹ ਡਿਜ਼ਾਈਨ ਰਜਿਸਟਰਡ ਕਰਵਾਉਣ ਲਈ ਫੇਰ ਅਰਜੀ ਦੇ ਸਕਦਾ ਹੈ?

ਹਾਂ ਜੀ। ਉਹੀ ਦਰਖਾਸਤਕਰਤਾ ਦੁਬਾਰਾ ਫੇਰ ਉਹੀ ਡਿਜ਼ਾਈਨ ਰਜਿਸਟਰਡ ਕਰਵਾਉਣ ਲਈ ਅਰਜੀ ਦੇ ਸਕਦਾ ਹੈ। ਕਿਉਂਕਿ ਕਿ ਪੇਟੈਂਟ ਦਫ਼ਤਰ ਰੱਦ ਕੀਤੀ ਗਈਆਂ ਦਰਖਾਸਤਾਂ ਨੂੰ ਕਿਸੇ ਰੂਪ ਵਿੱਚ ਪ੍ਰਕਾਸ਼ਿਤ ਨਹੀਂ ਕਰਦਾ। ਪਰ ਬਾਸ਼ਰਤੇ ਕਿ ਇਸ ਦੌਰਾਨ ਹਸਤਾਖਰ ਨੇ ਖੁਦ ਉਸ ਡਿਜ਼ਾਈਨ ਨੂੰ ਕਿਸੇ ਰੂਪ ਵਿੱਚ ਪ੍ਰਕਾਸ਼ਿਤ ਨਾ ਕੀਤਾ ਹੋਵੇ।

## 87. ਕੀ ਰਜਿਸਟਰਡ ਕੀਤੇ ਡਿਜ਼ਾਈਨਾਂ ਨੂੰ ਆਮ ਜਨਤਾ ਜਾਂਚ ਲਈ ਵੇਖ ਸਕਦੀ ਹੈ?

ਹਾਂ ਜੀ । ਰਜਿਸਟਰਡ ਕੀਤੇ ਡਿਜ਼ਾਈਨਾਂ ਨੂੰ ਪੇਟੈਂਟ ਦਫ਼ਤਰ ਦੇ ਦਫ਼ਤਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਤੋਂ ਬਾਅਦ ਜਨਤਾ ਨਿਰਧਾਰਿਤ ਫੀਸ (500/- ਰੁਪਏ) ਅਤੇ ਫਾਰਮ ਨੰਬਰ-5 ਭਰ ਕੇ ਜਾਚ ਲਈ ਵੇਖ ਸਕਦੀ ਹੋਵੇ।

## 88. ਕੀ ਡਿਜ਼ਾਈਨ ਰਜਿਸਟਰਡ ਕਰਵਾਉਂਣ ਲਈ ਦਰਖਾਸਤਕਰਤਾ ਖੁਦ ਦਰਖਾਸਤ/ਅਰਜੀ ਦੇ ਸਕਦਾ ਹੈ?

ਭਾਰਤੀ ਦਰਖਾਸਤਕਰਤਾ ਆਪਣੇ ਡਿਜਾਈਨ ਨੂੰ ਰਜਿਸਟਰਡ ਕਰਵਾਉਣ ਲਈ ਅਰਜੀ ਖੁਦ ਦੇ ਸਕਦੇ ਹਨ ਜਾਂ ਕਿਸੇ ਪੇਸ਼ਾਵਰ ਵਿਅਕਤੀ (ਜਿਵੇਂ ਕਿ ਪੇਟੈਂਟ ਏਜੰਟ ਜਾਂ ਕਾਨੂੰਨੀ ਪੇਸ਼ਾਵਰ) ਦੇ ਰਾਹੀਂ ਦੇ ਸਕਦੇ ਹਨ। ਪਰ, ਜਿਹੜੇ ਦਰਖਾਸਤ ਕਰਤਾ ਭਾਰਤ ਤੋਂ ਬਾਹਰ ਰਹਿ ਰਹੇ ਹਨ, ਉਹ ਆਪਣੀ ਅਰਜੀ ਕਿਸੇ ਏਜੰਟ, ਜੋ ਭਾਰਤ ਵਿੱਚ ਰਹਿ ਰਿਹਾ ਹੋਵੇ ਰਾਹੀਂ ਹੀ ਦੇ ਸਕਦਾ ਹੈ।

## 89. ਕੀ ਕਿਸੇ ਰਜਿਸਟਰਡ ਡਿਜ਼ਾਈਨ ਨੂੰ ਰੱਦ ਕਰਨ ਲਈ ਅਪੀਲ ਕੀਤੀ ਜਾ ਸਕਦੀ ਹੈ? ਇਸ ਨੂੰ ਰੱਦ ਕਰਵਾਉਣ ਲਈ ਕਿਹੜੇ-ਕਿਹੜੇ ਆਧਾਰ ਹਨ?

ਕਿਸੇ ਰਜਿਸਟਰਡ ਡਿਜ਼ਾਈਨ ਨੂੰ ਰੱਦ ਕਰਵਾਉਣ ਲਈ ਅਰਜੀ ਫਾਰਮ ਨੰਬਰ-8 ਅਤੇ ਨਿਰਧਾਰਤ ਫੀਸ (ਰੁਪਏ 1500/-) ਭਰਕੇ ਕੰਟਰੋਲਰ ਆਫ ਡਿਜ਼ਾਈਨ ਨੂੰ ਪੇਸ਼ ਕੀਤੀ ਜਾ ਸਕਦੀ ਹੈ। ਇਸ ਨੂੰ ਰੱਦ ਕਰਵਾਉਣ ਲਈ ਹੇਠ ਲਿਖੇ ਆਧਾਰ ਹਨ:

(1) ਜੇ ਓਹੀ ਡਿਜ਼ਾਈਨ ਪਹਿਲਾਂ ਹੀ ਭਾਰਤ ਵਿੱਚ ਰਜਿਸਟਰਡ ਕੀਤਾ ਹੋਵੇ;

(2) ਉਹ ਡਿਜ਼ਾਈਨ ਭਾਰਤ ਵਿੱਚ ਜਾਂ ਕਿਤੇ ਹੋਰ, ਅਰਜ਼ੀ ਦੇਣ ਦੀ ਤਰੀਖ ਤੋਂ ਪਹਿਲਾਂ ਪ੍ਰਕਾਸ਼ਿਤ ਕੀਤਾ ਗਿਆ ਹੋਵੇ;

(3) ਡਿਜ਼ਾਈਨ ਨਵਾਂ ਜਾਂ ਅਸਲੀ ਨਾ ਹੋਵੇ;

(4) ਡਿਜ਼ਾਈਨ ਕਾਨੂੰਨ ਅਨੁਸਾਰ ਰਜਿਸਟਰਡ ਹੋਣ ਯੋਗ ਨਾ ਹੋਵੇ;

(5) ਡਿਜ਼ਾਈਨ ਕਾਨੂੰਨ 2000, ਦੇ ਸੈਕਸ਼ਨ-2 ਕਲਾਜ (d) ਅਨੁਸਾਰ ਡਿਜ਼ਾਈਨ ਦੀ ਪਰਿਭਾਸ਼ਾ ਦੇ ਅੰਤਰਗਤ ਨਾ ਆਉਂਦਾ ਹੋਵੇ;

## 90. ਕਿਸੇ ਰਜਿਸਟਰਡ ਡਿਜ਼ਾਈਨ ਦੀ ਅਣ-ਅਧਿਕਾਰਤ ਨਕਲ ਕਰਨ ਦਾ ਕੀ ਜੁਰਮਾਨਾ ਹੈ?

ਕਿਸੇ ਰਜਿਸਟਰਡ ਡਿਜ਼ਾਈਨ ਦੀ ਅਣਅਧਕਾਰਿਤ ਨਕਲ ਕਰਨ ਵਾਲੇ ਨੂੰ ਇਸ ਲਈ ਹਰੇਕ ਵਾਰੀ ਕੁੱਝ ਰੁਪਏ ਜਿਹੜੇ ਕੇ ਵੱਧੋ-ਵੱਧ 2500/- ਰੁਪਏ ਹੋ ਸਕਦੇ ਹਨ, ਉਸ ਡਿਜ਼ਾਈਨ ਦੇ ਮਾਲਕ ਨੂੰ ਦੇਣੇ ਪੈਣਗੇ। ਇਹ ਰੁਪਏ ਵੱਧੋ-ਵੱਧ 50000/- ਵੀ ਹੋ ਸਕਦੇ ਹਨ ਜੇ ਇਹ ਕਿਸੇ ਇੱਕ ਰਜਿਸਟਰਡ ਡਿਜ਼ਾਈਨ ਲਈ ਦਰਜ਼-ਇਕਰਾਰਨਾਮਾ (Contract debt) ਦੇ ਰੂਪ ਵਿੱਚ ਉਗਰਾਹ ਕਰਨੇ ਹੋਣ ।

## 91. ਉਦਯੋਗਿਕ ਡਿਜ਼ਾਈਨਾਂ ਦੇ ਸੰਬੰਧ ਵਿੱਚ ਹੇਗ ਸਮਝੌਤੇ (Hague Agreement) ਦਾ ਕੀ ਮਹੱਤਵ ਹੈ?

ਉਦਯੋਗਿਕ ਡਿਜ਼ਾਈਨਾਂ ਦੇ ਅੰਤਰਾਸ਼ਟਰੀ ਭੰਡਾਰ ਦੇ ਨਾਲ ਸੰਬੰਧਿਤ ਹੇਗ ਸਮਝੋਤਾ' ਸੰਨ 1925 ਵਿੱਚ ਹੋਂਦ ਵਿੱਚ ਆਇਆ। ਇਸ ਸਮਝੌਤੇ ਦਾ ਮੰਤਵ ਉਦਯੋਗਿਕ ਡਿਜ਼ਾਈਨਾਂ ਨੂੰ ਇੱਕ ਅੰਤਰਰਾਸ਼ਟਰੀ ਭੰਡਾਰ ਵਿੱਚ ਜਮਾ ਕਰਵਾਉਣ ਤੋਂ ਬਾਅਚ, ਸਾਰੇ ਮੈਂਬਰ ਦੇਸ਼ਾਂ ਵਿੱਚ ਸੁਰੱਖਿਆ ਪ੍ਰਦਾਨ ਕਰਨ ਲਈ ਇੱਕ ਵਿਵਸਥਾ ਪੈਦਾ ਕਰਨਾ ਹੈ। ਇਹ ਡਿਜ਼ਾਈਨ, ਅੰਤਰਰਾਸ਼ਟਰੀ ਭੰਡਾਰ ਵਿੱਚ ਉਸ ਦੇ ਕਿਸੇ ਵੀ ਰੂਪ ਜਿਵੇਂ ਉਦਯੋਗਿਕ ਉਤਪਾਦ ਜਾਂ ਡਰਾਇੰਗ ਜਾਂ ਰੂਪਰੇਖਾ ਜਾਂ ਫੋਟੋਗਰਾਫ ਜਾਂ ਡਿਜ਼ਾਈਨ ਦੇ ਕਿਸੇ ਹੋਰ ਪ੍ਰਤੀਰੂਪ ਵਿੱਚ ਜਮਾਂ ਕਰਵਾਈ ਜਾ ਸਕਦੀ ਹੈ। ਇਸ ਤਹਿਤ ਸੁਰੱਖਿਆ ਦੀ ਮਿਆਦ ਇਸ ਨੂੰ ਜਮਾਂ ਕਰਨ ਦੀ ਤਾਰੀਖ ਤੋਂ 15 ਸਾਲ ਤੱਕ ਹੁੰਦੀ ਹੈ। ਇਹ ਮਿਆਦ ਦੋ ਹਿੱਸਿਆ ਵਿੱਚ ਵੱਡੀ ਹੁੰਦੀ ਇੱਕ 10 ਸਾਲ ਤੱਕ ਅਤੇ ਅਗਲੀ 5 ਸਾਲ ਤੱਕ ਹੋਰ। ਇਹ ਸਮਝੌਤਾ ਹੁਣ ਵਿਸ਼ਵ ਬੌਧਿਕ ਸੰਪਤੀ ਸੰਸਥਾ (WIPO) ਦੁਆਰਾ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ।

## 92. 'ਹੇਗ ਸਮਝੌਤੇ' ਵਿੱਚ ਕਿਹੜੇ-ਕਿਹੜੇ ਬਦਲਾਅ ਕੀਤੇ ਗਏ ਹਨ?

'ਹੇਗ ਸਮਝੌਤੇ' ਵਿੱਚ ਕੁੱਝ ਤਬਦੀਲੀਆਂ ਕਰਨ ਲਈ ਜੂਨ ਅਤੇ ਜੁਲਾਈ 1999 ਵਿੱਚ ਇੱਕ ਰਾਜਦੂਤਕ ਕਾਨਫਰੰਸ ਹੋਈ। ਇਹ ਸੋਧਿਆ ਹੋਇਆ ਸਮਝੋਤਾ ਛੇ ਦੇਸਾਂ ਵੱਲੋਂ (ਜਿਹੜੇ ਸਭ ਤੋਂ ਪਹਿਲਾਂ ਇਸ ਸਮਝੋਤਾ ਦੀਆਂ ਧਿਰਾਂ ਬਣੇ ਸਨ) ਤਸਦੀਕ ਕਰਨ ਤੋਂ ਬਾਅਦ ਅਮਲ ਵਿੱਚ ਆਵੇਗਾ। ਇਸ ਦਾ ਮੂਲ ਵਿਚਾਰ ਡਿਜ਼ਾਈਨ ਨੂੰ ਇੱਕ ਦਰਖਾਸਤ ਦੁਆਰਾ ਹੀ ਸਾਰੇ ਮੈਂਬਰ ਮੁਲਕਾਂ ਵਿੱਚ ਸੁਰੱਖਿਆ ਦੇ ਅਧਿਕਾਰ ਦਿਵਾਉਣਾ ਹੈ। ਇਸ ਵਿੱਚ ਇੱਕ ਅੰਤਰਾਸਟਰੀ ਦਰਖਾਸਤ ਰਾਹੀਂ ਡਿਜ਼ਾਈਨ ਦੀ ਰਜਿਸਟਰੇਸ਼ਨ ਵਾਸਤੇ ਕੁਝ ਮੁਲਕ ਮਨੋਨੀਤ ਕਰਨੇ ਪੈਣਗੇ ਜਿੱਥੇ ਕਿ ਡਿਜ਼ਾਈਨ ਵਾਸਤੇ ਸੁਰੱਖਿਆ ਚਾਹੀਦੀ ਹੈ। ਇਸ ਤੋਂ ਉਪਰੰਤ ਸੰਬੰਧਿਤ ਮਨੋਨੀਤ ਦੇਸ ਇਹ ਦਰਖਾਸਤ ਰੱਦ ਵੀ ਕਰ ਸਕਦਾ ਹੈ ਜੇ ਇਹ ਉੱਥੋਂ ਦੇ ਕਾਨੂੰਨ ਅਨੁਸਾਰ ਸਾਰੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ। ਇਹ ਸਮਝੌਤਾ ਰਾਹੀਂ ਡਿਜ਼ਾਈਨ ਰਜਿਸਟੇਰਸ਼ਨ ਵਾਸਤੇ ਕੋਈ ਮਿਆਰ ਨਿਰਧਾਰਤ ਨਹੀਂ ਕੀਤੇ ਗਏ, ਸਗੋਂ ਉਹਨਾਂ ਨੇ ਇਹ ਫੈਸਲਾ ਜਾਂ ਮਿਆਰ ਸੰਬੰਧਿਤ ਦੇਸ ਉੱਪਰ ਉਹਨਾਂ ਦੇ ਕਾਨੂੰਨ ਅਨੁਸਾਰ ਛੱਡ ਦਿੱਤਾ ਗਿਆ ਹੈ। ਇਸ ਅੰਤਰ-ਰਾਸ਼ਟਰੀ ਰਜਿਸਟਰੇਸ਼ਨ ਦਾ ਸੰਬੰਧਿਤ ਮਨੋਨੀਤ ਦੇਸ ਵਿੱਚ ਪ੍ਰਭਾਵ ਬਿਲਕੁਲ ਉਸੇ ਤਰ੍ਹਾਂ ਹੋਵੇਗਾ, ਜਿਸ ਤਰ੍ਹਾਂ ਕਿ ਇੱਕ ਡਿਜ਼ਾਈਨ ਉਪਰ (ਜਿਸ ਦੀ ਕਿ ਉਸ ਦੇਸ ਨੇ ਆਪਣੀ ਵਿਧੀ ਅਨੁਸਾਰ ਡਿਜ਼ਾਈਨ ਰਜਿਸਟੇਰਸ਼ਨ ਕੀਤੀ ਹੈ) ਉਸ ਦਾ ਪ੍ਰਭਾਵ ਹੁੰਦਾ ਹੈ। ਇਸ ਸਮਝੌਤੇ ਵਿੱਚ ਕੁਝ ਹੋਰ ਤਬਦੀਲੀਆਂ ਹੇਠ ਲਿਖੀਆਂ ਹਨ:

1. ਅੰਤਰਰਾਸ਼ਟਰੀ ਡਿਜ਼ਾਈਨ ਸੁਰੱਖਿਆ, ਮੈਂਬਰ ਮੁਲਕਾਂ ਦੇ ਉਹਨਾਂ ਨਾਗਰਿਕਾਂ ਨੂੰ ਉਪਲਬਧ ਹੋਵੇਗੀ ਜਿਹੜੇ ਮੈਂਬਰ

ਮੁਲਕ ਦੇ ਵਸਨੀਕ ਹਨ ਜਾਂ ਉੱਥੇ ਉਹਨਾਂ ਨੇ ਕੋਈ ਉਦਯੋਗਿਕ ਜਾਂ ਵਪਾਰਕ ਸੰਸਥਾਨ/ ਫਰਮ ਸਥਾਪਿਤ ਕੀਤੀ ਹੋਈ ਹੈ।

2. ਇਹ ਅੰਤਰਰਾਸ਼ਟਰੀ ਦਰਖਾਸਤ, ਕੋਈ ਆਪਣੇ ਦੇਸ ਦੇ ਕੋਮੀ ਦਫ਼ਤਰ ਕੋਲ ਜਾਂ ਸਿੱਧੇ ਹੀ ਵਿਸ਼ਵ ਬੌਧਿਕ ਸੰਪਤੀ ਸੰਸਥਾ (WIPO) ਦੀ ਅੰਤਰਰਾਸਟਰੀ ਬਿਊਰੋ ਕੋਲ ਦਰਜ ਕਰਵਾਈ ਜਾ ਸਕਦੀ ਹੈ।

3. ਇਸ ਤਹਿਤ ਦੋ ਸੀਮਾਵੀ (Two demensional) ਡਿਜ਼ਾਈਨ ਟੈਕਸਟਾਈਲ ਡਿਜ਼ਾਈਨ ਵੀ ਸੁਰੱਖਿਆ ਪ੍ਰਾਪਤ ਕਰਨ ਯੋਗ ਹੋਵੇਗੇ।

4. ਇਸ ਦਰਖਾਸਤ ਦੀ ਵਿਹਾਰਿਕ ਪੜਤਾਲ ਅੰਤਰਾਸਟਰੀ ਬਿਊਰੋ ਵੱਲੋਂ ਕੀਤੀ ਜਾਵੇਗੀ। ਜੇ ਇਹ ਸਾਰੀਆਂ ਵਿਵਹਾਰਿਕ ਸਰਤਾਂ ਪੂਰੀਆਂ ਕਰਦੀ ਹੈ ਤਾਂ ਰਜਿਸਟਰੇਸ਼ਨ ਤੋਂ ਛੇ ਮਹੀਨੇ ਬਾਅਦ ਪ੍ਰਕਾਸ਼ਿਤ ਕਰ ਦਿੱਤੀ ਜਾਵੇਗੀ। ਇਹ ਖਾਸ ਹਾਲਤਾਂ ਵਿੱਚ 30 ਮਹੀਨੇ ਤੱਕ ਪਿੱਛੇ ਪਾਈ ਜਾ ਸਕਦੀ ਹੈ।

5. ਰਜਿਸਟਰੇਸ਼ਨ ਤੋਂ ਬਾਅਦ ਅੰਤਰਾਸਟਰੀ ਬਿਊਰੋ ਵੱਲੋਂ ਇਸ ਦਰਖਾਸਤ ਦੀਆਂ ਨਕਲਾਂ ਸੰਬੰਧਿਤ ਮਨੋਨੀਤ ਦੇਸਾਂ ਨੂੰ ਭੇਜੀਆਂ ਜਾਣਗੀਆਂ। ਇਸ ਉਪਰੰਤ ਜੇ ਇਹ ਦਰਖਾਸਤ ਸੰਬੰਧਿਤ ਦੇਸ ਦੇ ਕਾਨੂੰਨ ਅਨੁਸਾਰ ਮਾਪਦੰਡਾਂ ਤੇ ਪੂਰਾ ਨਹੀਂ ਉਤਰਦੀ, ਤਾਂ ਉਸ ਦੇਸ ਵੱਲੋਂ ਛੇ ਮਹੀਨੇ ਦੇ ਅੰਦਰ-ਅੰਦਰ ਇਸ ਬਾਰੇ ਨੂੰ ਸੂਚਿਤ ਕਰਨਾ ਹੋਵੇਗਾ। ਪਰ ਇਸ ਸਮੇਂ ਵਿੱਚ 12 ਮਹੀਨੇ ਤੱਕ ਦਾ ਵਾਧਾ, ਉਹਨਾਂ ਦੇਸਾਂ ਲਈ ਕੀਤਾ ਗਿਆ ਹੈ ਜਿੱਥੇ ਕਿ ਡਿਜ਼ਾਈਨ ਦੀਆਂ ਦਰਖਾਸਤਾਂ ਦੀ ਨਵੀਨਤਾ ਪੱਖੋਂ ਪਰਖ ਕੀਤੀ ਜਾਂਦੀ ਹੈ ਜਾਂ ਜਿੰਨਾਂ ਮੁਲਕਾਂ ਵਿੱਚ ਡਿਜ਼ਾਈਨ ਰਜਿਸਟਰੇਸ਼ਨ ਵਿੱਚ ਵਿਰੋਧਤਾ ਵਿਵਸਥਾ ਲਾਗੂ ਹੈ।

6. ਬਹੁਤੇ ਡਿਜ਼ਾਈਨ ਇੱਕ ਹੀ ਦਰਖਾਸਤ ਦੁਆਰਾ ਰਜਿਸਟਰ ਕਰਵਾਏ ਜਾ ਸਕਦੇ ਹਨ। ਪਰ ਇਸ ਵਾਸਤੇ ਇਹ ਜ਼ਰੂਰੀ ਹੈ ਕਿ ਇਹ ਡਿਜ਼ਾਈਨ 'ਲੋਗਰਨੋ ਵਰਗੀਕਰਨ' (Locarno Classification) ਦੇ ਅਨੁਸਾਰ ਇੱਕ ਹੀ ਸ਼੍ਰੇਣੀ ਦੇ ਤਹਿਤ ਆਉਂਦੇ ਹੋਣ।

ਇਸ ਤੋਂ ਇਹ ਦੇਖਿਆ ਜਾ ਸਕਦਾ ਹੈ ਕਿ ਉਪਰੋਕਤ ਸਮਝੌਤੇ ਅਨੁਸਾਰ ਦਿੱਤੀ ਗਈ ਵਿਵਸਥਾ ਕਾਫੀ ਹੱਦ ਤੱਕ ਪੇਟੈਂਟ ਦੇ ਸੰਬੰਧ ਵਿੱਚ ਪੀ.ਸੀ.ਟੀ. ਵਿਵਸਥਾ ਨਾਲ ਮੇਲ ਖਾਂਦੀ ਹੈ। ਭਾਰਤ ਅਜੇ ਤੱਕ ਇਸ ਸਮਝੋਤੇ ਦਾ ਮੈਂਬਰ ਨਹੀਂ ਹੈ, ਇਸ ਕਰ ਕੇ ਅਜੇ ਤੱਕ ਇਹ ਸਾਡੇ ਲਈ ਕੋਈ ਜ਼ਿਆਦਾ ਮਹੱਤਤਾ ਨਹੀਂ ਰੱਖਦਾ। ਪਰ ਫਿਰ ਵੀ ਇਸ ਖੇਤਰ ਵਿੱਚ ਹੋ ਰਹੇ ਵਿਕਾਸ ਨੂੰ ਦੇਖਣ ਦੀ ਲੋੜ ਹੈ।

## 93. ਭਾਰਤ ਵਿੱਚ ਡਿਜ਼ਾਈਨ ਰਜ਼ਿਸਟਰੇਸ਼ਨ ਲਈ ਦਰਖਾਸਤ ਦੇਣ ਦੀ ਕਿੰਨੀ ਫੀਸ ਹੈ?

ਭਾਰਤ ਵਿੱਚ ਡਿਜ਼ਾਈਨ ਰਜ਼ਿਸਟਰੇਸ਼ਨ ਲਈ ਦਰਖਾਸਤ ਦਰਜ ਕਰਵਾਉਣ ਦੀ ਫੀਸ 1000/- ਰੁਪਏ ਹੈ।

## 94. ਨਵਾਂ ਬਣਿਆ ਟਰੇਡਮਾਰਕਸ ਐਕਟ, 1999 ਪੁਰਾਣੇ ਟਰੇਡ ਤੇ ਮਰਚੈਂਡੀਸ ਮਾਰਕਸ ਐਕਟ, 1958 ਤੋਂ ਕਿਵੇਂ ਵਿਭੰਨ ਹੈ?

ਨਵਾਂ ਬਣਿਆ ਟਰੇਡਮਾਰਕਸ ਐਕਟ (ਵਪਾਰਕ ਚਿੰਨ੍ਹ), 1999 ਅਤੇ ਮਰਚੈਂਡੀਸ ਐਕਟ 1958 ਅਤੇ ਟਰੇਡਮਾਰਕ ਐਕਟ 1940 ਤੋਂ ਬਹੁਤ ਅੱਗੇ ਵਾਲਾ ਕਦਮ ਹੈ। ਇਸ ਨਵੇਂ ਬਣੇ ਕਾਨੂੰਨ ਵਿੱਚ ਅਜਿਹੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਕਿ ਪੁਰਾਣੇ ਕਾਨੂੰਨਾਂ ਵਿੱਚ ਨਹੀਂ) ਜਿਹੜੀ ਕਿ ਹੇਠ ਲਿਖੇ ਅਨੁਸਾਨ ਅਨੁਸਾਰ ਹਨ।

1. ਸਰਵਿਸ ਮਾਰਕ ਜਾਂ ਚਿੰਨ੍ਹ ਸਮੂਹਿਕ (ਇੱਕਤ੍ਰਿਤ) ਚਿੰਨ੍ਹ (Collective Mark) ਅਤੇ ਪ੍ਰਮਾਣਿਤ ਵਪਾਰ ਚਿੰਨ੍ਹਾਂ ਦੀ ਰਜਿਸ਼ਟਰੇਸ਼ਨ।
2. ਰਜਿਸਟੇਰਸ਼ਨ ਦੀ ਮਿਆਦ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਨਵਿਆਉਣ ਦੀ ਮਿਆਦ 7 ਸਾਲ ਤੋਂ ਵਧਾ ਕੇ 10 ਸਾਲ ਕੀਤੀ ਗਈ ਹੈ।
3. ਇੱਕ ਦਰਖਾਸਤ ਰਾਹੀਂ ਚਿੰਨ੍ਹ ਦੀ ਇੱਕ ਤੋਂ ਵੱਧ ਸ਼੍ਰੇਣੀਆਂ ਵਿੱਚ ਰਜਿਸਟਰੇਸ਼ਨ ਦੀ ਆਗਿਆ ।
4. ਚਿੰਨ੍ਹਾਂ ਦੇ ਸੰਬੰਧਿਤ ਜੁਰਮਾਂ ਲਈ ਸਜ਼ਾ ਵਿੱਚ ਵਾਧਾ ।
5. ਆਮ ਤੌਰ ਤੇ ਵਰਤੇ ਜਾਣ ਵਾਲੇ ਸ਼ਬਦਾਂ ਦੀਆਂ ਪਰਿਭਾਸ਼ਾਵਾਂ ।
6. ਇਹਨਾਂ ਚਿੰਨ੍ਹਾਂ ਨੂੰ ਵਰਤਣ ਵਾਲਿਆਂ ਦੀ ਰਜਿਸਟਰੇਸ਼ਨ ਲਈ ਸੋਖੀ ਵਿਧੀ ਅਤੇ ਅਨੁਮਤ ਵਰਤੋਨ (permitted use) ਦੇ ਖੇਤਰ ਦਾ ਵਿਸਤਾਰ।
7. ਅਪੀਲ਼ਾਂ ਅਤੇ ਹਾਈਕੋਟਰ ਕੋਲ ਪਈਆਂ ਠੀਕ ਕਰਨ ਯੋਗ ਅਰਜੀਆਂ ਦੇ ਛੇਤੀ ਨਿਪਟਾਰੇ ਲਈ ਪੁਨਰ-ਵਿਚਾਰ ਬੋਰਡ ਦੀ ਰਚਨਾ।

## 95. ਵਪਾਰਕ ਚਿੰਨ੍ਹ (ਟਰੇਡ ਮਾਰਕ) ਦੀ ਕੀ ਪਰਿਭਾਸ਼ਾ ਹੈ?

ਵਪਾਰਕ ਚਿੰਨ੍ਹ ਇੱਕ ਅਜਿਹਾ ਨਿਵੇਕਲਾ ਚਿੰਨ੍ਹ ਹੈ ਜਿਹੜੇ ਕਿਸੇ ਖਾਸ ਵਿਅਕਤੀ ਜਾਂ ਸੰਸਥਾ ਵੱਲੋਂ ਆਪਣੀ ਵਸਤੂਆਂ ਜਾਂ ਸੇਵਾਵਾਂ ਨੂੰ ਬਜ਼ਾਰ ਵਿੱਚ ਮੌਜੂਦ ਉਸੇ ਤਰ੍ਹਾਂ ਦੀਆਂ ਦੁਸਰੀਆਂ ਵਸਤਾਂ ਜਾਂ ਸੇਵਾਵਾਂ ਤੋਂ ਵੱਖਰੀ ਪਛਾਣ ਦੇਣ ਲਈ ਵਰਤਿਆ ਜਾਂਦਾ ਹੈ। ਇਹ ਕੋਈ ਇੱਕ ਅੱਖਰ ਜਾਂ ਸ਼ਬਦ ਜਾਂ ਅੰਕ ਜਾਂ ਇਹਨਾਂ ਦਾ ਕੋਈ ਸੁਮੇਲ ਹੋ ਸਕਦਾ ਹੈ। ਇਹ ਕੋਈ ਚਿੱਤਰ, ਡਰਾਇੰਗ, ਤਿੰਨ ਸੀਮਾਵੀ ਰੰਗ ਜਾਂ ਰੰਗਾਂ ਕੋਈ ਸੁਮੇਲ ਵੀ ਹੋ ਸਕਦਾ ਹੈ। ਇਹ ਆਮ ਤੌਰ ਤੇ ਵਪਾਰੀਆਂ/ਕੰਪਨੀਆਂ/ਫਰਮਾਂ/ਸੰਸਥਾਵਾਂ ਵੱਲੋਂ ਆਪਣੀ ਵਸਤਾਂ ਤੇ ਸੇਵਾਵਾਂ ਨੂੰ ਪ੍ਰਤੀਯੋਗੀਆਂ ਨਾਲੋਂ ਵੱਖਰੀ ਪਛਾਣ ਦੇਣ ਲਈ ਵਰਤਿਆ ਜਾਂਦਾ ਹੈ। ਗਾਹਕ ਅਕਸਰ ਇਹਨਾਂ ਚਿਨ੍ਹਾਂ ਨੂੰ ਵਸਤੂ ਦੀ ਕੀਮਤ/ਗੁਣ/ਸ਼ੁਹਰਤ ਨਾਲ ਜੋੜਦਾ ਹੈ। ਦੂਸਰੇ ਸ਼ਬਦਾਂ ਵਿੱਚ ਗਾਹਕ ਕੋਈ ਵਸਤੀ ਖਰੀਦਣ ਤੋਂ ਪਹਿਲਾਂ ਆਪਣੀ ਪਸੰਦ ਚੁਣਨ ਲਈ ਇਹਨਾਂ ਵਪਾਰ ਚਿੰਨ੍ਹਾਂ ਨੂੰ ਵਰਤਦਾ ਹੈ। ਸਾਡਾ ਰੋਜ਼ਾਨਾ ਜ਼ਿੰਦਗੀ ਵਿੱਚ ਇਸ ਦਆਿਂ ਅਨੇਕਾਂ ਉਦਾਹਰਨਾਂ ਹਨ ਜਿਵੇਂ ਕਿ ਟਾਟਾ (TATA), ਬਾਟਾ (BATA), ਲਿਬਰਟੀ, ਡਾਬਰ, ਵੈਦਿਆਨਾਥ, ਪਾਰਕ ਐਵਨਿਊ, ਆਦਿ। ਟਰੇਡਮਾਰਕ ਇਹਨਾਂ ਵਸਤੂਆਂ ਜਾਂ ਸੇਵਾਵਾਂ ਦੇ ਡਿਜ਼ਾਈਨਾਂ ਜਾਂ ਇਹਨਾਂ ਦੇ ਵੀਚਾਰਾਂ ਨੂੰ ਕਿਸੇ ਵੱਲੋਂ ਨਕਲ ਜਾਂ ਕਾਪੀਆਂ ਬਣਾਉਣ ਤੋਂ ਨਹੀਂ ਰੋਕਦੇ ਪਰ ਇਹ ਟਰੇਡ ਚਿੰਨ੍ਹ ਦੇ ਮਾਲਕ ਤੋਂ ਬਿਨਾਂ ਕਿਸੇ ਹੋਰ ਨੂੰ ਇਹ ਟਰੇਡਮਾਰਕ ਵਰਤਣ ਤੋਂ ਰੋਕਦੇ ਹਨ ਤਾਂ ਕਿ ਉਹ ਗਾਹਕ ਨੂੰ ਧੋਖਾ ਨਾ ਦੇ ਸਕਣ। ਕਿਉਂਕਿ ਜੇ ਕੋਈ ਵਪਾਰੀ/ਕੰਪਨੀ ਜਾਂ ਫਰਮ ਕਿਸੇ ਹੋਰ ਦਾ ਵਪਾਰ ਚਿੰਨ੍ਹ ਆਪਣੀ ਵਸਤੂਆਂ ਲਈ ਵਰਤੇਗੀ, ਤਾਂ ਗਾਹਕ ਤਾਂ ਇਹ ਹੀ ਸਮਝੇਗਾ ਕਿ ਇਹ ਵਸਤੂ ਉਸ ਟਰੇਡ ਚਿੰਨ੍ਹ ਦੇ ਮਾਲਕ ਵੱਲੋਂ ਬਣਾਈ ਗਈ ਹੈ।

## 96. ਪ੍ਰਸਿੱਧ ਵਪਾਰ ਚਿੰਨ੍ਹ (Well Known Trade Marks) ਕਿਹੜੇ ਹਨ?

ਕਿਸੇ ਵਸਤੂ ਜਾਂ ਸੇਵਾ ਦੇ ਸੰਬੰਧ ਵਿੱਚ ਪ੍ਰਸਿੱਧ ਵਪਾਰ ਚਿੰਨ੍ਹ ਉਹ ਹਨ ਜਿਹੜੇ ਕਿ ਜਨਤਾਂ ਦੇ ਕਾਫੀ ਹਿੱਸੇ ਵਿੱਚ ਆਮ ਪ੍ਰਚਿਲਤ ਹੋ ਚੁੱਕੇ ਹਨ, ਜਿਹੜੀ ਜਨਤਾ ਇਹਨਾਂ ਵਸਤਾਂ ਜਾਂ ਸੇਵਾਵਾਂ ਨੂੰ ਵਰਤਦੀ ਹੈ। ਉਹ ਜਦੋਂ ਇਹਨਾਂ ਚਿੰਨ੍ਹਾਂ ਨੂੰ ਕਿਸੇ ਹੋਰ ਵਸਤੂ ਜਾਂ ਸੇਵਾ ਦੇ ਸੰਬੰਧ ਵਿੱਚ ਵਰਤਦੇ ਹਨ ਤਾਂ ਇਹ ਪਹਿਲਾਂ ਵਾਲੀਆਂ ਵਸਤੂ ਜਾਂ ਸੇਵਾਵਾਂ ਨਾਲ ਸੰਕੇਤਕ ਸੰਬੰਧ ਸਥਾਪਿਤ ਕਰਦੇ ਹਨ।

## 97. ਟਰੇਡਮਾਰ ਐਕਟ, 1999 ਦੇ ਤਹਿਤ 'ਸੇਵਾ' ਤੋਂ ਕੀ ਭਾਵ ਹੈ?

ਸੇਵਾ ਤੋਂ ਕੀ ਭਾਵ ਕੋਈ ਅਜਿਹੀ ਸੇਵਾ ਪ੍ਰਦਾਨ ਕਰਨਾ ਜਿਹੜੀ ਕਿ ਉਦਯੋਗਿਕ ਜਾਂ ਵਣਜ/ਵਪਾਰ ਨਾਲ ਜੁੜੀ ਹੋਈ ਹੈ ਜਿਵੇਂ ਕਿ ਬੈਂਕਾਂ, ਸਮਚਾਰ, ਸਿੱਖਿਆ, ਮਾਲ-ਪੂੰਜੀ, ਬੀਮਾ, ਅਚੱਲ ਜਾਇਦਾਦ, ਆਵਾਜਾਈ, ਭੰਡਾਰਨ, ਪ੍ਰੋਸੈਸਿੰਗ, ਬਿਜਲੀ ਜਾਂ ਹੋਰ ਊਰਜਾ ਦੀ ਪੂਰਤੀ, ਭੋਜਨ ਵਿਵਸਥਾ, ਰਿਹਾਇਸ, ਮਨੋਰੰਜਨ, ਨਿਰਮਾਣ, ਮੁਰੰਮਤ ਦਿਲ-ਪਰਚਾਵਾ, ਸਮਾਚਾਰ ਜਾਂ ਸੂਚਨਾ ਦਾ ਸੰਚਾਰ ਅਤੇ ਵਿਗਿਆਨ ਆਦਿ ਵਰਗੀਆਂ ਸੇਵਾਵਾਂ।

## 98. ਸਮੂਹਿਕ (ਇਕਤ੍ਰਿਤ) ਚਿੰਨ੍ਹ ਅਤੇ ਪ੍ਰਮਾਣਿਤ ਵਪਾਰ ਚਿੰਨ੍ਹਾਂ ਤੋਂ ਕੀ ਭਾਵ ਹੈ।

ਸਮੂਹਿਕ ਚਿੰਨ੍ਹ ਤੋਂ ਭਾਵ ਉਹ ਚਿੰਨ੍ਹ ਹਨ ਜਿਹੜੇ ਕਿ ਸਮੂਹਿਕ ਦਲ ਜਾਂ ਵਿਅਕਤੀ ਦੇ ਸਮੂਹ ਵੱਲੋਂ ਆਪਣੀਆਂ ਸੇਵਾਵਾਂ ਜਾਂ ਵਸਤੂ ਨੂੰ ਵੱਖਰੀ ਦਿੱਖ ਦੇਣ ਲਈ ਵਰਤੇ ਜਾਂਦੇ ਹਨ। (ਇਸ ਅੰਤਰਗਤ ਆਉਣ ਵਾਲੇ ਹਿੱਸੇਦਾਰੀ ਸ਼ਬਦ ਤੋਂ ਭਾਵ ਹੈ ਕਿ ਭਾਰਤ ਹਿੱਸੇਦਾਰੀ ਐਕਟ,1932 ਦੇ ਅੰਤਰਗਤ ਆਉਣ ਵਾਲਾ ਹਿੱਸੇਦਾਰੀ ਸ਼ਬਦ ਨਹੀਂ ਹੈ) ਪ੍ਰਮਾਣਿਤ ਵਪਾਰ ਚਿੰਨ੍ਹ ਤੋਂ ਭਾਵ ਉਹ ਚਿੰਨ੍ਹ ਹਨ ਜਿਹੜੇ ਕਿ ਬਜ਼ਾਰ ਵਿੱਚ ਮੌਜੂਦ ਕੁਝ ਵਸਤੂਆਂ ਨੂੰ ਗੁਣਵਤਾ ਵੱਲੋਂ ਉਸ ਕਿਸਮ ਦੀਆਂ ਦੂਸਰੀਆਂ ਵਸਤਾਂ ਨਾਲੋਂ ਨਿਖੇੜਦੇ ਹਨ ਅਤੇ ਇਹ ਚਿੰਨ੍ਹ ਦੇ ਮਾਲਕ ਵੱਲੋਂ ਸੰਬੰਧਿਤ ਵਸਤੂ ਉੱਪਰ ਲਗਾਉਣ ਲਈ, ਉਸ ਵਸਤੂ ਨੂੰ ਕਈ ਪੱਖਾਂ ਜਿਵੇਂ ਉੱਤਪੱਤੀ, ਮਾਲ, ਵਧਾਉਣ ਦੀ ਵਿਧੀ, ਸ਼ਕਤੀ, ਗੁਣਵਤਾ ਤੇ ਸ਼ੁਧਤਾ ਆਦਿ, ਤੋਂ ਪਰਖਣ ਤੋਂ ਬਾਅਦ ਪ੍ਰਮਾਣਿਤ ਕੀਤੇ ਜਾਂਦੇ ਹਨ। ਜਿਵੇਂ ਐਗਮਾਰਕ (Agmark) ਆਦਿ।

## 99. ਰਜਿਸਟਰਡ ਵਪਾਰਕ ਚਿੰਨ੍ਹ ਦੀ ਮਿਆਦ ਕਿੰਨ੍ਹੀ ਹੈ?

ਸ਼ੁਰੂ ਵਿੱਚ ਵਪਾਰਕਚਿੰਨ੍ਹ10 ਸਾਲ ਲਈ ਰਜਿਸਟਰਡ ਕੀਤਾ ਜਾਂਦਾ ਹੈ ਪਰ ਇਹ ਮਿਆਦ ਬਾਅਦ ਵਿੱਚ ਨਿਰਧਾਰਿਤ ਨਵਿਆਉਣਯੋਗ ਫੀਸਾਂ ਭਰਕੇ ਸਮੇਂ ਸਮੇਂ ਤੇ ਅਸਮਿਤ ਸਮੇਂ ਲਈ ਵਧਾਈ ਜਾ ਸਕਦੀ ਹੈ।

## 100. ਮੈਡਰਿਡ ਸਮਝੌਤਾ ਕੀ ਹੈ।

ਮੈਡਰਿਡ ਸਮਝੌਤਾ 14 ਅਪ੍ਰੈਲ, 1891 ਨੂੰ ਅਪਨਾਇਆ ਗਿਆ ਸੀ। ਇਸ ਸਮਝੌਤੇ ਦਾ ਮੁੱਖ ਉਦੇਸ਼ ਵਪਾਰਕ ਚਿੰਨ੍ਹ ਜਾਂ ਸਰਵਿਸ (ਸੇਵਾ) ਚਿੰਨ੍ਹ ਨੂੰ ਇੱਕਹਿਰੀ ਅੰਤਰਰਾਸ਼ਟਰੀ ਰਜਿਸਟਰੇਸ਼ਨ ਰਾਹੀਂ ਬਹੁਤ ਸਾਰੇ ਦੇਸ਼ਾਂ ਵਿੱਚ ਸੁਰੱਖਿਆ ਉਪਲਬੱਧ ਕਰਵਾਉਣਾ ਹੈ। ਇਹ ਸਮਝੌਤਾ ਵਪਾਰਕ ਚਿੰਨ੍ਹ ਤੇ ਸਰਵਿਸ (ਸੇਵਾ) ਚਿੰਨ੍ਹ ਦੋਵਾਂ ਦੇ ਸੰਬੰਧ ਵਿੱਚ ਹੈ। ਇਸ ਸਮਝੋਤੇ ਦੇ 14 ਅਪ੍ਰੈਲ ਜੁਲਾਈ, 1999 ਤੱਕ 54 ਮੈਂਬਰ ਸਨ ਜਿਹੜੇ ਕਿ ਜ਼ਿਆਦਾਤਰ ਯੂਰਪ ਦੇ ਅਫਰੀਕਾ ਮਹਾਂਦੀਪ ਵਿੱਚੋਂ ਸਨ। ਇਸ ਤੋਂ ਇਲਾਵਾ ਚੀਨ, ਕੋਰੀਆ, ਮੋਗੋਲੀਆਂ ਤੇ ਵਿਅਤਨਾਮ ਵੀ ਇਸ ਦੇ ਮੈਂਬਰ ਹਨ । ਪਰ ਅਜੇ ਤੱਕ ਇੰਗਲੈਂਡ, ਅਮਰੀਕਾ, ਜਾਪਾਨ ਤੇ ਭਾਰਤ ਇਸ ਸਮਝੌਤੇ ਤੇ ਮੈਂਬਰ ਨਹੀਂ ਬਣੇ ।

## 101. ਮੈਡਰਿਡ ਸਮਝੌਤੇ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ?

1. ਦਰਖਾਸਤ ਦੇ ਕੋਲ ਮੈਂਬਰ ਦੇਸ ਦੀ ਕੌਮੀਅਤ ਹੋਣੀ ਜ਼ਰੂਰੀ ਹੈ। ਸੰਬੰਧਿਤ ਦੇਸ਼ ਵਿੱਚ ਆਪਣਾ ਨਿਵਾਸ ਰੱਖਣ-ਵਾਲਾ ਵਿਅਕਤੀ ਜਾਂ ਵਾਸਤਵਿਕ ਅਤੇ ਪ੍ਰਭਾਵੀ ਉਦਯੋਗਿਕ ਜਾਂ ਵਪਾਰਕ ਹਿੱਤ ਰੱਖਣ ਵਾਲਾ ਵਿਅਕਤੀ ਦੀ ਇਸ ਦੇ ਯੋਗ ਹੈ। ਪਰ ਇਹ ਨੋਟ ਕਰਨ ਯੋਗ ਹੈ ਕਿ ਫੈਸਲਾ ਸੰਬੰਧਿਤ ਮੁਲਕ ਆਪਣੇ ਰਾਸ਼ਟਰੀ ਕਾਨੂੰਨਾਂ ਅਨੁਸਾਰ ਕਰੇਗਾ।
2. ਮੈਂਬਰ ਮੁਲਕਾਂ ਵਿੱਚ ਆਪਣਾ ਚਿੰਨ੍ਹ ਰਜਿਸਟਰ ਕਰਵਾਉਣ ਤੋਂ ਪਹਿਲਾਂ ਦਰਖਾਸਤਕਰਤਾ ਨੂੰ ਇਹ ਚਿੰਨ੍ਹ ਆਪਣੇ ਪੈਦਾਇਗੀ ਦੇਸ਼ (Country of origin) ਵਿੱਚ ਰਜਿਸਟਰਡ ਕਰਵਾਉਣਾ ਪਵੇਗਾ। ਇਸ ਪਹਿਲੀ ਰਜਿਸਟੇਰਸ਼ਨ ਨੂੰ 'ਮੂਲ ਰਜਿਸਟਰੇਸ਼ਨ' ਕਿਹਾ ਜਾਂਦਾ ਹੈ।
3. ਅੰਤਰਰਾਸ਼ਟਰੀ ਦਰਖਾਸਤ ਲਈ ਸਿਰਫ ਚਿੰਨ੍ਹ ਨੂੰ ਮੂਲ ਰਜਿਸਟਰੇਸ਼ਨ ਪ੍ਰਦਾਨ ਕਰਨ ਵਾਲਾ ਦੇਸ਼ ਹੀ ਵਿਸ਼ਵ ਬੌਧਿਕ ਸੰਪਤੀ ਸੰਸਥਾ (WIPO) ਦੀ ਅੰਤਰਰਾਸ਼ਟਰੀ ਬਿਊਰੋ ਨੂੰ ਸੰਬੰਧਿਤ ਦੇਸ਼ਾਂ ਦੀ ਸੂਚੀ ਸਮੇਤ (ਜਿੱਥੇ ਕਿ ਚਿੰਨ੍ਹ ਲਈ ਸੁਰੱਖਿਆ ਲੋੜੀਂਦੀ ਹੈ) ਅਰਜੀ ਭੇਜ ਸਕਦਾ ਹੈ। ਇਸ ਸਮਝੌਤੇ ਤਹਿਤ ਸਿੱਧੇ ਹੀ ਅਰਜੀ ਦਾਖਲ ਕਰਨ ਦੀ ਕੋਈ ਵਿਵਸਥਾ ਨਹੀਂ ਹੈ।
4. ਇੱਥੇ ਮੁੜ ਦੁਹਰਾਇਆ ਜਾਂਦਾ ਹੈ ਬੁਨਿਆਦੀ ਪੈਦਾਇਸ਼ੀ ਦੇਸ਼ (Country of origin) ਨੂੰ ਸਮਝੌਤੇ ਦਾ ਮੈਂਬਰ ਮੁਲਕ ਹੋਣਾ ਜ਼ਰੂਰੀ ਹੈ। ਬੁਨਿਆਦੀ ਦੇਸ ਦਾ ਰੋਲ ਸਿਰਫ ਸੰਬੰਧਿਤ ਚਿੰਨ੍ਹ ਲਈ ਅਰਜੀ ਅੰਤਰਰਾਸ਼ਟਰੀ ਬਿਊਰੋ ਨੂੰ ਭੇਜਣ ਤੱਕ ਸੀਮਤ ਨਹੀਂ ਹੈ। ਸਗੋਂ ਉਸਨੂੰ ਇਹ ਵੀ ਤਸਦੀਕ ਕਰਨਾ ਪੈਂਦਾ ਹੈ ਕਿ ਅੰਤਰਰਾਸਟਰੀ ਰਜਿਸਟਰੇਸ਼ਨ ਲਈ ਭੇਜਿਆ ਗਿਆ ਚਿੰਨ੍ਹ ਬਿਲਕੁਲ ਉਹੀ ਚਿੰਨ੍ਹ ਹੈ ਜਿਸ ਨੂੰ ਕਿ ਮੂਲ ਰਜਿਸਟਰੇਸ਼ਨ ਦਿੱਤੀ ਗਈ ਹੈ।
5. ਹਰੇਕ ਅਰਜੀ ਵਾਸਤੇ ਹਰੇਕ ਮਨੋਨੀਤ ਕੀਤੇ ਗਏ ਮੁਲਕ ਲਈ ਅਤੇ ਅੰਤਰਰਾਸਟਰੀ ਬੌਧਿਕੀ ਸੰਪਤੀ ਸੰਸਥਾਨ ਲਈ ਫੀਸ ਭਰਨੀ ਪੈਂਦੀ ਹੈ। ਮਨੋਨੀਤ ਕੀਤੇ ਗਏ ਦੇਸਾਂ ਲਈ ਦਿੱਤੀ ਫੀਸ ਨੂੰ 'ਪੂਰਨ ਫੀਸ' Complementary Fee) ਕਿਹਾ ਜਾਂਦਾ ਹੈ।
6. ਇਸ ਅੰਤਰਰਾਸ਼ਟਰੀ ਰਜਿਸਟੇਰਸ਼ਨ ਬਾਰੇ ਅੰਤਰ-ਰਾਸਟਰੀ ਬਿਊਰੋ ਮਨੋਨੀਤ ਕੀਤੇ ਗਏ ਮੁਲਕਾਂ ਦੇ ਦਫ਼ਤਰਾਂ ਨੂੰ ਸੂਚਿਤ ਕਰਦੀ ਹੈ ਅਤੇ ਨਾਲ ਹੀ ਇਸ ਨੂੰ ਅੰਤਰ-ਰਾਸਟਰੀ ਬੌਧਿਕ ਸੰਮਤੀ ਸੰਸਥਾਨ ਦੀ ਮਾਸਿਕ ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਵੀ ਕਰਦੀ ਹੈ। ਇਸ ਪ੍ਰੱਤ੍ਰਿਕਾ ਦਾ ਨਾਮ 'ਦਾ ਵਿਪੋ ਗਜ਼ਟ ਆਫ਼ ਇੰਟਰਨੈਸ਼ਨਲ ਮਾਰਕਸ' ਹੈ।
7. ਜੇ ਕਿਸੇ ਕਾਰਨ ਕਰਕੇ ਪਹਿਲੇ ਪੰਜਾ ਸਾਲ ਦੌਰਾਨ ਕਿਸੇ ਚਿੰਨ੍ਹ ਦੀ ਮੂਲ ਰਜਿਸਟਰੇਸ਼ਨ ਉਸਦੇ ਬੁਨਿਆਦੀ ਦੇਸ਼ ਵਿੱਚ ਰੱਦ ਹੋ ਜਾਂਦੀ ਹੈ ਤਾਂ ਉਸ ਦੇ ਸੰਬੰਧਿਤ ਮਨੋਨੀਤ ਮੁਲਕਾਂ ਵਿੱਚ ਅੰਤਰਰਾਸ਼ਟਰੀ ਰਜਿਸਟਰੇਸ਼ਨ ਆਪਣੇ ਆਪ ਰੱਦ ਸਮਝੀ ਜਾਵੇਗੀ। ਇਸ ਨਾਲ ਕਿਸੇ ਚਿੰਨ੍ਹ ਦੀ ਰਜਿਸ਼ਟੇਰਸ਼ਨ ਇਤਰਾਜ ਕਰਨ ਵਾਲੇ ਵਿਆਕਤੀ ਨੂੰ ਬਹੁਤ ਫਾਇਦਾ ਹੁੰਦਾ ਹੈ ਕਿਉਂਕਿ ਇਤਰਾਜ਼ ਉਸ ਨੂੰ ਕਿਸੇ ਚਿੰਨ੍ਹ ਨੂੰ ਰੱਦ ਕਰਵਾਉਣ ਲਈ ਸਿਰਫ ਬੁਨਿਆਦੀ ਮੁਲਕ ਵਿੱਚ ਹੀ ਦਾਖਲ ਕਰਵਾਉਣੀ ਪਵੇਗੀ ਅਤੇ ਉਸ ਨੂੰ ਇਹ ਇਤਰਾਜ਼ ਅਲੱਗ-ਅਲੱਗ ਮਨੋਨੀਤ ਦੇਸਾਂ ਵਿੱਚ ਦਰਜ ਕਰਵਾਉਣ ਦੀ ਕੋਈ ਲੋੜ ਨਹੀਂ ਹੋਵੇਗੀ। ਰਾਸ਼ਟਰੀ ਰਜਿਸ਼ਟੇਰਸ਼ਨ ਦੇ ਦੁਆਰਾ ਅੰਤਰਰਾਸ਼ਟਰੀ ਰਜਿਸਟਰੇਸ਼ਨ ਨੂੰ ਚੁਣੋਤੀ ਦੇਣ ਵਾਲੇ ਸਮਝੌਤੇ ਦੇ ਇਸ ਲੱਛਣ ਨੂੰ 'ਕੇਂਦਰੀ ਹਮਲਾ' ਕਿਹਾ ਜਾਂਦਾ ਹੈ।

## 102. ਮੈਡਰਿਡ ਪ੍ਰੋਟੋਕੋਲ ਕੀ ਹੈ।

ਇਹ ਪ੍ਰੋਟੋਕੋਲ ਚਿੰਨ੍ਹਾਂ ਦੀ ਅੰਤਰਰਾਸ਼ਟਰੀ ਰਜਿਸਟਰੇਸ਼ਨ ਦੇ ਸੰਬੰਧ ਵਿੱਚ ਹੋਏ ਮੈਡਰਿਡ ਸਮਝੌਤੇ ਬਾਰੇ ਹੈ। ਇਹ ਮੈਡਰਿਡ ਪ੍ਰੋਟੋਕੋਲ 27 ਜੂਨ, 1989 ਨੂੰ ਮੈਡਰਿਡ ਵਿੱਚ ਅਪਣਾਇਆ ਗਿਆ ਤੇ ਬਾਅਦ ਵਿੱਚ 1 ਦਸੰਬਰ, 1995 ਨੂੰ ਲਾਗੂ ਕੀਤਾ ਗਿਆ ਹੈ। ਇਸ ਵਿੱਚ ਮੂਲ ਵਿਸ਼ੇਸ਼ਤਾਵਾਂ ਮੈਡਰਿਡ ਸਮਝੌਤੇ ਵਾਲੀ ਹੀ ਹਨ। 15 ਜੁਲਾਈ, 1991 ਤੱਕ ਇਹ ਸਮਝੌਤਾ 39 ਦੇਸਾਂ ਵੱਲੋਂ ਸਵੀਕਾਰ ਕੀਤਾ ਗਿਆ। ਇਹ ਪ੍ਰੋਟੋਕੋਲ ਮੈਡਰਿਡ ਸਮਝੌਤੇ ਦੇ ਕੁਝ ਲੱਛਣਾਂ ਨੂੰ ਹਟਾਉਣ ਲਈ ਬਣਾਇਆ ਗਿਆ, ਜਿਹੜੀਆਂ ਕਿ ਕਈ ਮੁਲਕਾਂ ਨੂੰ ਇਸ ਦੀ ਧਿਰ ਬਣਨ ਲਈ ਔਕੜਾਂ ਪੇਸ਼ ਕਰ ਰਹੀਆਂ ਸਨ। ਇਹ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:

1. ਮੈਡਰਿਡ ਸਮਝੌਤੇ ਦੇ ਅੰਤਰਗਤ ਅੰਤਰਰਾਸ਼ਟਰੀ ਰਜਿਸਟਰੇਸ਼ਨ ਪ੍ਰਾਪਤ ਕਰਨ ਲਈ ਪਹਿਲਾਂ ਇਹ ਰਜਿਸਟਰੇਸ਼ਨ ਰਾਸ਼ਟਰ ਪੱਧਰ ਤੇ ਆਪਣੇ ਦੇਸ ਵਿੱਚ ਕਰਵਾਉਣੀ ਲਾਜ਼ਮੀ ਹੈ। ਰਾਸ਼ਟਰੀ ਪੱਧਰ ਤੇ ਰਜਿਸਟਰੇਸ਼ਨ ਕਰਵਾਉਣ ਲਈ ਵੱਖ-ਵੱਖ ਦੇਸਾਂ ਵਿੱਚ ਸਮਾਂ ਵੱਖ-ਵੱਖ ਹੁੰਦਾ ਹੈ। ਇਸ ਕਰਕੇ ਕੁਝ ਪਾਰਟੀਆਂ ਨੁਕਸਾਨ ਉਠਾਉਂਦੀਆਂ ਹਨ।
2. ਇਸ ਤਹਿਤ ਸੰਬੰਧਿਤ ਮਨੋਨੀਤ ਮੈਂਬਰ ਮੁਲਕ ਨੂੰ ਇੱਕ ਸਾਲ ਦੇ ਅੰਦਰ-ਅੰਦਰ ਚਿੰਨ੍ਹ ਰਜ਼ਿਸਟਰੇਸ਼ਨ ਲਈ ਦਿੱਤੀ ਦਰਕਾਸਤ ਨੂੰ ਜਾਂਚਣਾ ਹੁੰਦਾ ਹੈ ਅਤੇ ਉਸਨੂੰ ਅਸਵੀਕਾਰ ਕਰਨ ਦੇ ਸਾਰੇ ਆਧਾਰ ਦੇ ਕੇ ਨਾਮਨਜ਼ੂਰੀ ਦਾ ਨੋਟਿਸ ਭੇਣਾ ਹੁੰਦਾ ਹੈ। ਇਹ ਸਮਾਂ ਬਹੁਤ ਘੱਟ ਮੰਨਿਆ ਗਿਆ ਹੈ।
3. ਹਰੇਕ ਮੈਂਬਰ ਦੇਸ ਲਈ ਇੱਕਸਾਰ ਫੀਸ ਦੇਣੀ ਹੁੰਦੀ ਹੈ। ਪਰ ਜਿਹੜੇ ਦੇਸ਼ ਰਾਸ਼ਟਰ ਪੱਧਰ ਤੇ ਜ਼ਿਆਦਾ ਫੀਸਾਂ ਲੈਂਦੇ ਹਨ, ਉਹਨਾਂ ਲਈ ਇਹ ਅਣਉਚਿਤ ਹੈ।

4. ਪਹਿਲੇ ਪੰਜ ਸਾਲਾਂ ਦੇ ਦੌਰਾਨ ਅੰਤਰਰਾਸ਼ਟਰੀ ਰਜਿਸਟਰੇਸ਼ਨ, ਮੂਲ ਰਜਿਸਟਰੇਸ਼ਨ ਨਾਲ ਜੁੜੀ ਹੁੰਦੀ ਹੈ। ਦੂਸਰੇ ਸ਼ਬਦਾਂ ਵਿੱਚ ਜੇ ਇਸ ਸਮੇਂ ਦੌਰਾਨ ਮੂਲ ਰਜਿਸਟਰੇਸ਼ਨ ਰੱਦ ਹੁੰਦੀ ਹੈ ਤਾਂ ਅੰਤਰਰਾਸ਼ਟਰੀ ਰਜਿਸਟਰੇਸ਼ਨ ਆਪਣੇ ਆਪ ਰੱਦ ਹੋ ਜਾਂਦੀ ਹੈ। ਪਰ ਇਸ ਬਾਰੇ ਇਸ ਤੱਥ ਵੱਲ ਧਿਆਨ ਨਹੀਂ ਦਿੱਤਾ ਗਿਆ ਕਿ ਜਿਸ ਆਧਾਰ ਉੱਤੇ ਇਹ ਮੂਲ ਰਜਿਸਟੇਰਸ਼ਨ ਬੁਨਿਆਦੀ ਦੇਸ਼ ਵਿੱਚ ਰੱਦ ਕੀਤੀ ਗਈ ਹੋਵੇ ਅਤੇ ਉਹ ਆਧਾਰ ਹੋਰ ਦੇਸਾਂ ਵਿੱਚ ਮੌਜੂਦ ਹੀ ਨਾ ਹੋਵੇ।

5. ਮੈਡਰਿਡ ਸਮਝੌਤੇ ਦੀ ਇੱਕੋ ਇੱਕ ਕੰਮਕਾਜੀ ਭਾਸ਼ਾ ਫਰਾਂਸੀਸ਼ੀ (French) ਹੈ।

**ਮੈਡਰਿਡ ਪ੍ਰੋਟੋਕੋਲ ਦੁਆਰਾ ਕੀਤੇ ਗਏ ਪਰਿਵਰਤਨ ਹੇਠ ਲਿਖੇ ਅਨੁਸਾਰ ਹਨ:**

1. ਅੰਤਰਰਾਸਟਰੀ ਦਰਖਾਸਤ ਦਾ ਦੁਨਿਆਵੀ ਦੇਸ ਵਿੱਚ ਕਰਵਾਈ ਗਈ ਰਜਿਸਟਰੇਸ਼ਨ ਉੱਤੇ ਆਧਾਰਿਤ ਹੋਣਾ ਲਾਜ਼ਮੀ ਨਹੀਂ ਹੈ ਸਗੋਂ ਇਹ ਦੁਨਿਆਵੀ ਦੇਸ ਵਿੱਚ ਦਿੱਤੀ ਗਈ ਸਿਰਫ ਦਰਖਾਸਤ ਤੇ ਹੀ ਅਧਾਰਿਤ ਹੋ ਸਕਦੀ ਹੈ। ਇਹ ਉਹਨਾਂ ਦੇਸਾਂ ਦੇ ਪ੍ਰਾਰਥੀਆਂ ਲਈ ਲਾਹੇਵੰਦ ਹੋਵੇਗਾ ਜਿਨ੍ਹਾਂ ਦੇਸ ਵਿੱਚ ਮੁਕੰਮਲ ਨਿਰੀਖਣ ਪ੍ਰਕਿਆ ਹੁੰਦੀ ਹੈ ਅਤੇ ਰਾਸਟਰ ਪੱਧਰ ਤੇ ਰਜਿਸਟਰੇਸ਼ਨ ਕਾਫੀ ਸਮਾਂ ਲੈਂਦੀ ਹੈ। ਇਸ ਰਾਹੀਂ ਪੈਰਿਸ ਕੰਨਵੈਨਸਨ ਦੇ ਤਹਿਤ ਛੇ ਮਹੀਨੇ ਦੀ ਪੂਰਵ ਮਿਤੀ ਦਾ ਫਾਇਦਾ ਵੀ ਲਿਆ ਜਾ ਸਕਦਾ ਹੈ।

2. ਮੈਂਬਰ ਮੁਲਕ ਵਰਤਮਾਨ ਮੈਡਰਿਡ ਸੰਧੀ ਪ੍ਰਣਾਲੀ ਦੇ ਤਹਿਤ ਹਰੇਕ ਮਨੋਨੀਤ ਕੀਤੇ ਗਏ ਮੈਂਬਰ ਲਈ ਇਕੱਠੀ ਕੀਤੀ ਗਈ ਅੰਤਰਾਸਟਰੀ ਫੀਸ ਵਿੱਚੋਂ ਆਪਣਾ ਬਣਦਾ ਹਿੱਸਾ ਫੀਸ ਦੇ ਰੂਪ ਵਿੱਚ ਲੈ ਸਕਦਾ ਹੈ। ਇਸ ਦੇ ਬਦਲ ਵਜੋਂ ਮੈਂਬਰ ਮੁਲਕ ਹਰੇਕ ਮਨੋਨੀਤ ਕੀਤੇ ਗਏ ਮੈਂਬਰ ਲਈ 'ਵਿਅਕਤੀਗਤ ਫੀਸ' ਪ੍ਰਣਾਲੀ ਤਹਿਤ ਫੀਸ ਲੈ ਸਕਦਾ ਹੈ, ਪਰ ਇਹ ਰਾਸ਼ੀ ਦਸ ਸਾਲਾਂ ਲਈ ਰਜਿਸਟੇਸ਼ਨ ਵਾਸਤੇ ਨਿਯਤ ਰਾਸਟਰੀ ਫੀਸ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਇਹ 'ਵਿਅਕਤੀਗਤ ਫੀਸ' ਪ੍ਰਣਾਲੀ ਉਹਨਾਂ ਮੁਲਕਾਂ ਲਈ ਇੱਕ ਆਕਰਸਿਤ ਪੇਸ਼ਕਸ ਹੋ ਜਿੱਥੇ ਕਿ ਰਾਸ਼ਟਰੀ ਫੀਸ ਬਹੁਤ ਜ਼ਿਆਦਾ ਹੈ।

3. ਜੇ ਕਿਸੇ ਕਾਰਨਾਂ ਕਰਕੇ ਜਿਵੇਂ ਕਿ ਕੇਂਦਰੀ ਹਮਲੇ ਦੇ ਰਾਹੀਂ ਮੂਲ ਰਜਿਸਟਰੇਸ਼ਨ ਰੱਦ ਹੋ ਜਾਂਦੀ ਹੈ ਤਾਂ ਅੰਤਰਰਾਸ਼ਟਰੀ ਰਜਿਸਟਰੇਸ਼ਨ ਨੂੰ ਮਨੋਨੀਤ ਮੈਂਬਰ ਦੇਸਾਂ ਵਿੱਚ ਰਾਸ਼ਟਰੀ ਜਾਂ ਖੇਤਰੀ ਦਰਖਾਸਤ ਵਿੱਚ ਬਦਲਣਾ ਸੰਭਵ ਹੈ।

4. ਦਰਖਾਸਤਕਰਤਾ ਉਸ ਕਿਸੇ ਵੀ ਮੈਂਬਰ ਮੁਲਕ ਅੰਦਰ ਅੰਤਰਰਾਸ਼ਟਰੀ ਰਜਿਸਟਰੇਸ਼ਨ ਨੂੰ ਆਧਾਰ ਬਣਾ ਸਕਦਾ ਹੈ ਜਿਸ ਨਾਲ ਉਹ ਨਾਗਰਿਕਤਾ, ਨਿਵਾਸ ਜਾਂ ਸੰਸਥਾਨ ਪੱਖੋ ਜੁੜਿਆ ਹੋਵੇ।

## 103. ਭਾਰਤ ਵਿੱਚ ਵਪਾਰਕ ਚਿੰਨਾਂ ਵਾਸਤੇ ਅਰਜ਼ੀ ਦੇਣ ਲਈ ਕਿਹੜੀਆਂ ਫੀਸਾਂ ਹਨ?

| ਨੰ: | ਵੇਰਵੇ | ਦਫ਼ਤਰੀ ਫੀਸ (ਰੁਪਏ) |
|---|---|---|
| 1. | ਵਸਤੂ ਜਾਂ ਸੇਵਾ ਲਈ ਵਪਾਰਕ ਚਿੰਨ੍ਹ ਨੂੰ ਸਿਰਫ ਇੱਕ ਸ਼੍ਰੇਣੀ ਵਿੱਚ ਰਜਿਸਟਰ ਕਰਵਾਉਣ ਲਈ ਦਰਖਾਸਤ ਫੀਸ | 2500/– |
| 2. | ਟੈਕਸਟਾਈਲ ਵਾਸਤੇ ਵਪਾਰਕ ਚਿੰਨ੍ਹ, (ਜਿਹੜਾ ਕਿ ਸਿਰਫ ਅੰਕਾਂ ਜਾਂ ਅੱਖਰਾਂ ਜਾਂ ਇਹਨਾਂ ਦੇ ਕੋਈ ਸੁਮੇਲ ਦਾ ਬਣਿਆ ਹੈ ਅਤੇ ਸਿਰਫ ਇੱਕ ਸ਼੍ਰੇਣੀ ਤਹਿਤ ਰਜਿਸਟਰੇਸ਼ਨ ਕਰਵਾਉਣੀ ਹੈ) ਦੀ ਦਰਖਾਸਤ ਫੀਸ | 2500/– |
| 3. | ਵਸਤਾਂ ਜਾਂ ਸੇਵਾਵਾਂ ਲਈ ਸਮੂਹਿਕ ਚਿੰਨ੍ਹ ਨੂੰ ਸਿਰਫ ਇੱਕ ਹੀ ਸ਼੍ਰੇਣੀ ਤਹਿਤ ਰਜਿਸਟਰ ਕਰਵਾਉਣ ਲਈ ਦਰਖਾਸਤ ਫੀਸ। | 10,000/– |
| 4. | ਵਸਤਾਂ ਜਾਂ ਸੇਵਾਵਾਂ ਲਈ ਪ੍ਰਮਾਣਿਤ ਵਪਾਰਕ ਚਿੰਨ੍ਹ ਨੂੰ ਸਿਰਫ ਇੱਕ ਸ਼੍ਰੇਣੀ ਤਹਿਤ ਰਜਿਸ਼ਟਰ ਕਰਵਾਉਣ ਲਈ ਦਰਖਾਸਤ ਫੀਸ | 10,000/– |
| 5. | ਚਿੰਨ੍ਹ ਦੀ ਰਜਿਸਟਰੇਸ਼ਨ ਨੂੰ ਨਵਿਆਉਣ ਲਈ ਫੀਸ | 5000/– |
| 6. | ਰਜਿਸਟਰਾਰ ਦੀ ਪ੍ਰਵਾਨਗੀ ਲਈ ਦਰਖਾਸਤ ਫੀਸ<br>(i) ਪਹਿਲੇ ਚਿੰਨ੍ਹ ਲਈ<br>(ii) ਹਰੇਕ ਵਾਧੂ ਚਿੰਨ੍ਹ ਲਈ | <br>(i) 2000/-<br>ii) 500/- |
| 7) | ਵਸਤਾਂ ਦੇ ਭੂਗੋਲਿਕ ਸੰਕੇਤ (ਰਜਿਸਟਰੇਸ਼ਨ ਤੇ ਸੁਰੱਖਿਆ) ਐਕਟ,1999 ਤਹਿਤ ਕਿਸੇ ਰਜਿਸਟਰਡ ਵਪਾਰਕ ਚਿੰਨ੍ਹ ਦੀ ਰਜਿਸਟਰੇਸ਼ਨ ਖਾਰਜ ਕਰਵਾਉਣ ਜਾਂ ਰੱਦ ਕਰਵਾਉਣ ਲਈ ਦਰਖਾਸਤ ਫੀਸ (ਜੇ ਸੰਬੰਧਿਤ ਵਪਾਰਕ ਚਿੰਨ੍ਹ ਕਿਸੇ ਭੂਗੋਲਿਕ ਸੰਕੇਤ ਤੋਂ ਬਣਾਇਆ ਗਿਆ ਹੈ) | 3000/– |

## 104. ਅਰਧਸੰਚਾਲਕ ਇੰਟੈਗਰੇਟਿਡ ਸਰਕਟ ਲੇ-ਆਊਟ ਡਿਜ਼ਾਈਨ ਐਕਟ,2000 ਦੇ ਘੇਰੇ ਵਿੱਚ ਕੀ ਆਉਂਦਾ ਹੈ?

ਇਹ ਕਾਨੂੰਨ ਨਵੇਂ ਅਰਧ-ਸੰਚਾਲਕ ਏਕੀਕ੍ਰਿਤ ਸਰਕਟਾਂ ਦੇ ਖਾਕਾ ਡਿਜ਼ਾਇਨ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਖਾਕਾ ਡਿਜ਼ਾਈਨ ਦੇ ਤਹਿਤ ਟਰਾਂਸਿਸਟਰ ਤੇ ਬਿਜਲਈ ਚੱਕਰ ਨਾਲ ਸੰਬੰਧਿਤ ਹੋਰ ਤੱਤਾਂ ਦਾ ਖਾਕਾ (ਜਿਸ ਵਿੱਚ ਇਹਨਾਂ ਤੱਤਾਂ ਨੂੰ ਜੋੜਨ ਵਾਲੀਆਂ ਤਾਰਾਂ ਵੀ ਸ਼ਾਮਲ ਹਨ) ਆਉਂਦਾ ਹੈ, ਇਹ ਭਾਵੇਂ ਅਰਧ-ਸਮਚਾਲਕ ਏਕੀਕ੍ਰਿਤ ਸਰਕਟਾਂ ਵਿੱਚ ਕਿਸੇ ਤਰ੍ਹਾਂ ਨਾਲ ਵੀ ਦਰਸਾਇਆ ਗਿਆ ਹੋਵੇ। ਅਰਧ ਸੰਚਾਲਕ ਏਕੀਕ੍ਰਿਤ ਸਰਕਟ (IC) ਟਰਾਜ਼ਿਸਟਰ ਤੇ ਹੋਰ ਬਿਜਲਈ ਨਾਲ ਸੰਬੰਧਿਤ ਤੱਤਾਂ ਦਾ ਬਣਿਆ ਹੋਇਆ ਹੈ, ਜਿਹੜੇ ਕਿ ਅਨਿੱਖੜਵੇਂ ਰੂਪ ਵਿੱਚ ਕਿਸੇ ਅਰਧ-ਸੰਚਾਲਕ ਪਦਾਰਥ ਦੇ ਅੰਦਰ ਲੱਗੇ ਹੁੰਦੇ ਹਨ। ਇਹ ਕਿਸੇ ਇਲੈਕਟਰਾਨਿਕ ਚੱਕਰ ਦਾ ਕੰਮ ਕਰਨ ਲਈ ਹੀ ਬਣਾਏ ਜਾਂਦੇ ਹਨ।

## 105. ਅਧਰ ਸੰਚਾਲਕ ਇੰਟੈਗਰੇਟਿਡ ਸਰਕਟ ਲੇ-ਆਊਟ ਡਿਜ਼ਾਈਨ ਐਕਟ, 2000 ਦੇ ਤਹਿਤ ਕਿਹੜੇ ਏਕੀਕ੍ਰਿਤ ਸਰਕਟਾਂ ਦੇ ਖਾਕਾ ਡਿਜ਼ਾਈਨ ਰਜਿਸਟਰਡ ਨਹੀਂ ਕੀਤੇ ਜਾਂਦੇ?

ਉਪਰੋਕਤ ਐਕਟ ਅਨੁਸਾਰ ਹੇਠ ਲਿਖੇ ਏਕੀਕ੍ਰਿਤ ਸਰਕਟਾਂ ਦੇ ਖਾਕਾ ਡਿਜ਼ਾਇਨ ਰਜਿਸਟਰਡ ਨਹੀਂ ਕੀਤੇ ਜਾਂਦੇ:

1. ਜਿਹੜੇ ਅਸਲੀ ਨਾਲ ਹੋਣ;
2. ਜਿਹੜੇ ਭਾਰਤ ਦੇ ਕਿਸੇ ਵੀ ਹਿੱਸੇ ਜਾਂ ਕੰਨਵੈਨਸ਼ਨ ਦੇ ਮੈਂਬਰ ਦੇਸ ਵਿੱਚ ਵਪਾਰਕ ਤੌਰ ਤੇ ਵਰਤੇ ਗਏ ਹੋਣ;
3. ਜਿਹੜੇ ਵਿਲੱਖਣ ਨਾ ਹੋਣ;
4. ਜਿਹੜੇ ਪਹਿਲਾਂ ਤੋਂ ਰਜਿਸਟਰਡ ਖਾਕਾ ਡਿਜ਼ਾਈਨਾਂ ਤੋਂ ਵੱਖਰਾਉਣਯੋਗ ਨਾ ਹੋਣ;

(ਨੋਟ : ਉਹ ਡਿਜ਼ਾਈਨ ਜਿਹੜੇ ਭਾਵੇਂ ਰਜਿਸਟਰੇਸ਼ਨ ਤੋਂ ਦੋ ਸਾਲ ਬਾਅਦ ਤੱਕ ਵੀ ਵਪਾਰਕ ਤੌਰ ਤੇ ਵਰਤੇ ਨਹੀਂ ਗਏ, ਪਰ ਇਸ ਕਾਨੂੰਨ ਅਨੁਸਾਰ ਦੋ ਸਾਲ ਬਾਅਦ ਉਹ ਵਪਾਰਕ ਤੌਰ ਤੇ ਵਰਤੇ ਹੀ ਮਿਥੇ ਜਾਣਗੇ)

## 106. ਏਕੀਕ੍ਰਿਤ ਸਰਕਟ ਦੇ ਖਾਕਾ ਡਿਜ਼ਾਈਨਾਂ ਲਈ ਸੁਰੱਖਿਆ ਦੀ ਮਿਆਦ ਕਿੰਨੀ ਹੈ?

ਇਹ ਮਿਆਦ ਦਰਖਾਸਤ ਦਰਜ ਕਰਵਾਉਣ ਦੀ ਮਿਤੀ ਤੋਂ 10 ਸਾਲ ਤੱਕ ਹੈ।

## 107. ਇਸ ਕਾਨੂੰਨ ਦੀ ਉਲੰਘਣਾ ਦੇ ਅੰਤਰਗਤ ਕੀ ਹੈ?

ਕਿਸੇ ਰਜਿਸਟਰਡ ਏਕੀਕ੍ਰਿਤ ਸਰਕਟਾਂ ਦੇ ਖਾਕਾ ਡਿਜ਼ਾਈਨ ਨੂੰ ਵਪਾਰਕ ਤੌਰ ਤੇ ਇਜ਼ਾਜਤ ਤੋਂ ਬਿਨਾਂ ਬਣਾਉਣਾ, ਆਯਾਤ ਕਰਨਾ, ਵੇਚਣਾ, ਵੰਡਣਾ ਆਦਿ ਇਸ ਕਾਨੂੰਨ ਦੀ ਉਲੰਘਣਾ ਹੈ। ਪਰ ਕਿਸੇ ਪਹਿਲਾਂ ਤੋਂ ਹੀ ਰਜਿਸਟਰਡ ਏਕੀਕ੍ਰਿਤ ਸਰਕਟ ਦੇ ਖਾਕਾ ਡਿਜ਼ਾਈਨ ਦੇ ਵਿਗਿਆਨਕ ਮੁਲਾਂਕਣ ਦੇ ਆਧਾਰ ਤੇ ਨਵਾਂ ਖਾਕਾ ਡਿਜ਼ਾਈਨ ਤਿਆਰ ਕਰਨ, ਇਸ ਐਕਟ ਦੀ ਉਲੰਘਣਾ ਨਹੀਂ ਹੈ।

## 108. ਅਰਧਸੰਚਾਲਕ ਏਕੀਕ੍ਰਿਤ ਸਰਕਟਾਂ ਦੇ ਖਾਕਾ ਡਿਜ਼ਾਈਨ ਲਈ ਭਾਰਤ ਵਿੱਚ ਕਿੰਨੀ ਫੀਸ ਹੈ?

ਇਸ ਨਾਲ ਕੁਝ ਮਹੱਤਵਪੂਰਨ ਫੀਸ ਇਸ ਤਰ੍ਹਾਂ ਹਨ:

| ਕ੍ਰਮ ਨੰਬਰ | ਵੇਰਵਾ | ਫੀਸ (ਰੁਪਏ ਵਿੱਚ) |
|---|---|---|
| 1. | ਖਾਕਾ ਡਿਜ਼ਾਈਨ ਨੂੰ ਰਜਿਸਟਰ ਕਰਵਾਉਣ ਲਈ ਦਰਖਾਸਤ ਫੀਸ | 5000/- |
| 2. | ਰਜਿਸਟਰਾਰ ਤੋਂ ਬੇਨਤੀ ਕਰਨ ਉਪਰੰਤ ਸਰਟੀਫਿਕੇਟ ਲੈਣ ਲਈ | 2500/- |

## 109. ਵਸਤੂਆਂ ਦਾ ਭੂਗੋਲਿਕ ਸੰਕੇਤ ਤੋਂ ਕੀ ਭਾਵ ਹੈ?

ਵਸਤੂਆਂ ਦੇ ਸੰਬੰਧ ਵਿੱਚ 'ਭੂਗੋਲਿਕ ਸੰਕੇਤ' ਤੋਂ ਭਾਵ ਇੱਕ ਅਜਿਹਾ ਨਾਮ ਹੈ ਜੋ ਦੇਸ਼ ਦੇ ਕਿਸੇ ਖਾਸ ਸਥਾਨ, ਪ੍ਰਦੇਸ਼ ਜਾਂ ਖੇਤਰ ਵਿੱਚ ਪੈਦਾ ਹੋਣ ਵਾਲੀਆਂ ਜਾਂ ਨਿਰਮਾਣ ਹੋਣ ਵਾਲੀਆਂ ਵਸਤੂਆਂ ਜਿਵੇਂ ਖੇਤੀ ਵਸਤੂਆਂ, ਪ੍ਰਕ੍ਰਿਤਕ ਵਸਤੂਆਂ ਜਾਂ ਨਿਰਮਾਣ ਕੀਤੀਆਂ ਵਸਤੂਆਂ, ਦੇ ਕਿਸੇ ਰੂਪ ਨਾਲ ਜੁੜਿਆ ਹੁੰਦਾ ਹੈ। ਇਹਨਾਂ ਵਸਤੂਆਂ ਵਿੱਚ ਖਾਸ ਗੁਣਵਤਾ, ਰੁਤਬਾ ਤੇ ਹੋਰ ਵਿਸ਼ੇਸ਼ਤਾਵਾਂ ਕਿਸੇ ਖਾਸ ਭੂਗੋਲਿਕ ਖੇਤਰ ਵਿੱਚ ਉਤਪੰਨ ਹੋਣ ਕਰ ਕੇ ਹੀ ਹੁੰਦੀਆਂ ਹਨ।

## 110. ਭੂਗੋਲਿਕ ਸੰਕੇਤ ਦੀ ਰਜਿਸਟੇਰਸ਼ਨ ਲਈ ਕੌਣ ਅਰਜੀ ਦਾਖਲ ਕਰ ਸਕਦਾ ਹੈ?

ਕਿਸੇ ਵਸਤੂ ਲਈ ਭੂਗੋਲਿਕ ਸੰਕੇਤ ਰਜਿਸਟਰਡ ਕਰਵਾਉਣ ਲਈ ਕੋਈ ਵਿਅਕਤੀਆਂ ਦਾ ਸਮੂਹ ਜਾਂ ਉਤਪਾਦਕ ਜਾਂ ਕੋਈ ਸੰਸਥਾ ਜਾ ਚਾਲੂ ਕਾਨੂੰਨ ਦੁਆਰਾ/ਤਹਿਤ ਸਥਾਪਿਤ ਕੀਤਾ ਕੋਈ ਸੰਗਠਨ ਲਿਖਤੀ ਰੂਪ ਵਿੱਚ ਆਪਣੀ ਅਰਜ਼ੀ ਰਜਿਸਟਰਾਰ ਨੂੰ ਦਾਖਲ ਕਰ ਸਕਦਾ ਹੈ। ਪਰ ਅਰਜ਼ੀ ਦੇਣ ਵਾਲੇ ਅਰਜ਼ੀ ਕਰਤਾ ਨੂੰ ਸੰਬੰਧਿਤ ਵਸਤੂਆਂ ਲਈ ਉਤਪਾਦਕ ਦੀ ਭਲਾਈ ਲਈ ਪ੍ਰਤਿਨਿਧ ਕਰਨਾ ਹੋਵੇਗਾ।

## 111. ਕੀ ਸਾਰੇ ਤਰ੍ਹਾਂ ਦੇ ਭੂਗੋਲਿਕ ਸੰਕੇਤ ਰਜਿਸਟਰ ਹੋਣ ਯੋਗ ਹਨ?

ਨਹੀਂ ਜੀ। ਹਰੇਕ ਭੂਗੋਲਿਕ ਸੰਕੇਤ ਨੂੰ ਰਜਿਸਟਰ ਨਹੀਂ ਕੀਤਾ ਜਾ ਸਕਦਾ ਜੇ:

1. ਉਸਦੀ ਵਰਤੋਂ ਨਾਲ ਕਿਸੇ ਨੂੰ ਧੋਖਾ ਜਾਂ ਉਲਝਣ ਪੈਦਾ ਹੁੰਦੀ ਜਾਂ ਜਿਹੜਾ ਕਿਸੇ ਕਾਨੂੰਨ ਦੇ ਵਿਰੁੱਧ ਹੋਵੇ ਜਾਂ ਜਿਹੜਾ ਕਿਸੇ ਕਾਨੂੰਨ ਦੇ ਵਿਰੁੱਧ ਹੋਵੇ।
2. ਜਿਸ ਵਿੱਚ ਬਦਨਾਮ ਜਾਂ ਅਸ਼ਲੀਲ ਤੱਤ ਹੋਵੇ ਜਾਂ ਕੋਈ ਅਜਿਹਾ ਤੱਤ ਹੋਵੇ ਜਿਸ ਨਾਲ ਭਾਰਤ ਦੇ ਕਿਸੇ ਸ਼੍ਰੇਣੀ ਜਾਂ ਹਿੱਸੇ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ।
3. ਜੇ ਉਹ ਕੋਈ ਜਾਤੀਗਤ (Generic) ਨਾਮ ਹੋਵੇ।
4. ਜੇ ਉਸਦੀ ਸੁਰੱਖਿਆ ਉਸ ਦੇ ਮੂਲ਼ ਦੇਸ਼ ਵਿੱਚ ਖ਼ਤਮ ਹੋ ਗਈ ਹੋਵੇ ਜਾਂ ਉਸ ਦੇਸ਼ ਅੰਦਰ ਵਰਤੋਂ ਵਿੱਚ ਨਾ ਰਿਹਾ ਹੋਵੇ।
5. ਜੇ ਉਹ ਵਿਅਕਤੀਆਂ ਵੱਲੋਂ ਗ਼ਲਤ ਢੰਗ ਨਾਲ ਪ੍ਰਸਤੁਤ ਕੀਤਾ ਹੋਵੇ ਜਿੱਥੇ ਵਸਤਾਂ ਉੱਤਪਤ ਹੁੰਦੀਆਂ ਹੋਣ ਜਾਂ ਉਹ ਵਸਤਾਂ ਕਿਸੇ ਹੋਰ ਪ੍ਰਦੇਸ਼ ਖੇਤਰ ਜਾਂ ਸਥਾਨ ਤੋਂ ਉੱਤਪਤ ਹੁੰਦੀਆਂ ਹੋਣ।

## 112. ਇਸ ਕਾਨੂੰਨ ਦੇ ਤਹਿਤ ਨਕਲੀ ਭੂਗੋਲਿਕ ਸੰਕੇਤ ਲਗਾਉਣ ਦੀ ਕੀ ਸਜਾ ਹੈ?

ਇਸ ਕਾਨੂੰਨ ਦੇ ਤਹਿਤ ਨਕਲੀ ਭੂਗੋਲਿਕ ਸੰਕੇਤ ਲਗਾਉਣ ਦੇ ਦੋਸ ਹੇਠ6 ਮਹੀਨੇ ਤੋਂ 3 ਸਾਲ ਤੱਕ ਜੇਲ੍ਹ ਦੀ ਸਜ਼ਾ ਅਤੇ 50 ਹਜ਼ਾਰ ਤੋਂ 2 ਲੱਖ ਰੁਪਏ ਤੱਕ ਜੁਰਮਾਨਾ ਲਗਾਉਣ ਦੀ ਵਿਵਸਥਾ ਹੈ। ਪਰ ਅਦਾਲਤ ਖਾਸ ਹਾਲਾਤਾਂ ਵਿੱਚ ਇਹ ਸਜਾ ਘੱਟ ਵੀ ਕਰ ਸਕਦੀ ਹੈ।

## 113. ਭੂਗੋਲਿਕ ਸੰਕੇਤ ਲਈ ਸੁਰੱਖਿਆ ਦੀ ਮਿਆਦ ਕਿੰਨੀ ਹੈ?

ਭੂਗੋਲਿਕ ਸੰਕੇਤ ਪਹਿਲਾਂ10 ਸਾਲ ਲਈ ਰਜਿਸਟਰਡ ਕੀਤਾ ਜਾਂਦਾ ਹੈ। ਪਰ ਇਹ ਮਿਆਦ ਬਾਅਦ ਵਿੱਚ ਸਮੇਂ ਸਮੇਂ ਤੇ ਨਿਰਧਾਰਿਤ ਨਵਿਆਉਣਯੋਗ ਫੀਸ ਭਰ ਕੇ ਅਸੀਮਿਤ ਸਮੇਂ ਲਈ ਵਧਾਈ ਵੀ ਜਾ ਸਕਦੀ ਹੈ।

## 114. ਭਾਰਤ ਵਿੱਚ ਭੂਗੋਲਿਕ ਸੰਕੇਤ ਨੂੰ ਰਜਿਸਟਰਡ ਕਰਵਾਉਣ ਲਈ ਕਿੰਨਾ ਖਰਚ ਆਉਂਦਾ ਹੈ?

ਭਾਰਤ ਵਿੱਚ ਭੂਗੋਲਿਕ ਸੰਕੇਤ ਨੂੰ ਰਜਿਸਟਰਡ ਕਰਵਾਉਣ ਲਈ ਕੁੱਲ ਮਹੱਤਵਪੂਰਨ ਫੀਸਾਂ ਹੇਠ ਲਿਖੇ ਅਨੁਸਾਰ ਹਨ।

| ਕ੍ਰਮ ਨੰਬਰ | ਵੇਰਵਾ | ਫੀਸ (ਰੁਪਏ ਵਿੱਚ) |
|---|---|---|
| 1. | ਭੂਗੋਲਿਕ ਸੰਕੇਤ ਨੂੰ ਕਿਸੇ ਵਸਤੂ ਲਈ ਸਿਰਫ ਇੱਕ ਸ਼੍ਰੇਣੀ ਤਹਿਤ ਰਜਿਸਟਰਡ ਕਰਵਾਉਣ ਲਈ ਦਰਖਾਸਤ ਫੀਸ | 5000/- |
| 2. | ਭੂਗੋਲਿਕ ਸੰਕੇਤ ਨੂੰ ਕਿਸੇ ਵਸਤੂ ਲਈ ਇਕੱਲੀ ਅਰਜੀ ਰਾਹੀਂ ਵਿਭਿੰਨ ਸ਼੍ਰੇਣੀਆਂ ਤਹਿਤ ਰਜਿਸਟਰਡ ਕਰਵਾਉਣ ਲਈ ਦਰਖਾਸਤ ਫੀਸ | 5000/- |
| 3. | ਕਿਸੇ ਰਜਿਸਟਰਡ ਭੂਗੋਲਿਕ ਸੰਖੇਤ ਲਈ ਮਨਜੂਰ ਸੁਦਾ ਉਪਯੋਗਤਾ ਦੇ ਤੌਰ ਤੇ ਰਜਿਸਟਰਡ ਹੋਣ ਲਈ ਦਰਖਾਸਤ ਫੀਸ | 500/-. |
| 4. | ਮਨਜੂਰਸੁਦਾ ਉਪਯੋਗਤਾ ਲਈ ਰਜਿਸਟਰੇਸ਼ਨ ਸਰਟੀਫਿਕੇਟ ਜਾਰੀ ਕਰਨ ਲਈ ਬਿਨੈ ਪੱਤਰ ਫੀਸ | 500/- |
| 5. | ਮਨਜੂਰਸੁਦਾ ਉਪਯੋਗਤਾ ਦਾ ਸਰਟੀਫਿਕੇਟ ਨਵਿਆਉਣ ਬਾਰੇ ਫੀਸ | 1000/- |



_____*****_____